# ਸੋਨ ਰਿਸ਼ਮਾਂ

3

## ਪੰਜਾਬੀ ਪਾਠ-ਪੁਸਤਕ



**'ਸੋਨ ਰਿਸ਼ਮਾਂ'** ਪੰਜਾਬੀ ਪਾਠ-ਪੁਸਤਕ-3

© SP Books, Jalandhar

We are committed to serve students with the best of our knowledge and resources. We have taken utmost care and attention while editing and printing this book but we would beg to state that Authors and Publishers should not be held responsible for unintentional mistakes that might have crept in. However, errors brought to our notice, shall be gratefully acknowledged and attended to.

© All rights reserved. No part of this publication may be reproduced, stored in a retrieval system, or transmitted in any form or by any means, electronic, mechanical, photocopying, recording or otherwise without the prior written permission of the Publisher. Any breach will entail legal action and prosecution without further notice.

Printed at :

**Mukul Graphic**

136 Sarabha Nagar, Santokhpura

JALANDHAR.

Published by :

**SP Books**

N.D. 413, Sharda Nand Street, Adda Hoshiarpur,

JALANDHAR (Pb.) INDIA.

Customer Care : 0181-2456906, 2457906

Order Booking : +91 84274-66399 (Whatsapp Only)

For Specimen / Sales Related enquiry : +91 85588-38307 (Whatsapp Only)

Shop Online : Buy Books online at amazon.in | Flipkart

spbooks001@gmail.com

SP Books, Jalandhar

## 'ਸੋਨ ਰਿਸ਼ਮਾਂ' ਪਾਠ-ਪੁਸਤਕਾਂ ਵਿੱਚ.....

ਇਸ ਪਾਠ-ਪੁਸਤਕ ਲੜੀ ਵਿੱਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਅਮੀਰੀ ਦੇ ਸੂਖਮ ਤੱਤਾਂ ਨੂੰ ਸ਼ਾਮਲ ਕਰਨ ਦੀ ਭਰਪੂਰ ਕੋਸ਼ਸ਼ ਕੀਤੀ ਗਈ ਹੈ। ਹਰ ਪਾਠ ਦੀ ਪੇਸ਼ਕਾਰੀ ਅਨੋਖੀ ਹੈ। ਇਸ ਪਾਠ ਲੜੀ ਦੀਆਂ ਸਾਰੀਆਂ ਪੁਸਤਕਾਂ ਨੂੰ ਅਨੁਭਵੀ ਸੰਪਾਦਕਾਂ ਨੇ ਸੁਆਰਿਆ ਅਤੇ ਉਹਨਾਂ ਦੇ ਪਾਠ ਅਭਿਆਸ ਤਿਆਰ ਕੀਤੇ ਹਨ। ਹੇਠਾਂ ਦਿੱਤੇ ਕੁਝ ਨੁਕਤੇ ਖ਼ਾਸ ਮਹੱਤਤਾ ਰੱਖਦੇ ਹਨ।

### ਪਾਠ ਬਾਰੇ ਚਰਚਾ

ਹਰ ਪਾਠ ਦਾ ਅਰੰਭ 'ਪਾਠ ਬਾਰੇ ਚਰਚਾ' ਨਾਲ਼ ਕੀਤਾ ਗਿਆ ਹੈ। ਇਸ ਦਾ ਉਦੇਸ਼ ਸ਼੍ਰੇਣੀ ਵਿੱਚ ਅਜਿਹਾ ਮਾਹੌਲ ਪੈਦਾ ਕਰਨਾ ਹੈ, ਜਿਸ ਵਿੱਚ ਸਾਰੇ ਵਿਦਿਆਰਥੀ ਆਪਣੀ-ਆਪਣੀ ਗੱਲ ਨੂੰ ਸਾਰਿਆਂ ਸਾਹਮਣੇ ਰੱਖ ਸਕਣ ਅਤੇ ਉਹ ਇੱਕ-ਦੂਸਰੇ ਤੋਂ ਕੁਝ ਨਵਾਂ ਸਿਖ ਸਕਣ।

### ਵਿਆਕਰਨ

ਇਸ ਪਾਠ-ਪੁਸਤਕ ਲੜੀ ਵਿੱਚ ਹਰ ਪਾਠ ਵਿੱਚ ਵਿਆਕਰਨ ਦੇ ਮੁਢਲੇ ਸੰਕਲਪਾਂ ਨੂੰ ਬਹੁਤ ਸਹਿਜਤਾ ਸਹਿਤ ਇੱਕ ਭਾਸ਼ਾਈ ਸੰਦ ਦੇ ਤੌਰ 'ਤੇ ਵਿਕਸਿਤ ਕਰਨ ਦੀ ਕੋਸ਼ਸ਼ ਕੀਤੀ ਗਈ ਹੈ। ਪਾਠ-ਆਧਾਰਿਤ ਅਜਿਹੇ ਸੰਕਲਪਾਂ ਨਾਲ਼ ਵਿਦਿਆਰਥੀ ਵਿਆਕਰਨਿਕ ਨਿਯਮਾਂ ਤੋਂ ਜਾਣੂ ਹੋ ਜਾਂਦੇ ਹਨ।

### ਸ਼ਬਦ-ਅਰਥ

ਹਰ ਪਾਠ ਵਿਚਲੀ ਭਾਸ਼ਾ ਨੂੰ ਵਿਸ਼ੇ ਅਨੁਸਾਰ ਭਾਵੇਂ ਸੌਖਾ ਰੱਖਣ ਦਾ ਪੂਰਾ ਉਪਰਾਲਾ ਕੀਤਾ ਗਿਆ ਹੈ, ਫਿਰ ਵੀ ਹਰ ਪਾਠ ਵਿੱਚ ਕੁਝ ਅਜਿਹੇ ਸ਼ਬਦਾਂ ਦੀ ਵਰਤੋਂ ਜ਼ਰੂਰੀ ਹੋ ਜਾਂਦੀ ਹੈ ਜੋ ਵਿਦਿਆਰਥੀਆਂ ਲਈ ਨਵੇਂ ਹੁੰਦੇ ਹਨ। ਅਜਿਹੇ ਸ਼ਬਦਾਂ ਦੇ 'ਅਰਥ' ਹਰ ਪਾਠ ਦੇ ਉਸੇ ਪੰਨੇ 'ਤੇ ਦਿੱਤੇ ਗਏ ਹਨ ਜਿਸ ਪੰਨੇ 'ਤੇ ਇਹ ਸ਼ਬਦ ਆਏ ਹਨ। ਅਜਿਹੇ ਸ਼ਬਦ ਵਿਦਿਆਰਥੀਆਂ ਦੀ ਭਾਸ਼ਾ-ਯੋਗਤਾ ਵਧਾਉਂਦੇ

### ਯੋਗਤਾ ਵਿਸਤਾਰ

ਪਾਠ-ਅਭਿਆਸ ਨਾਲ਼ ਸੰਬੰਧਿਤ ਇਸ ਭਾਗ ਵਿੱਚ ਵਿਦਿਆਰਥੀਆਂ ਨੂੰ ਪਾਠ ਨਾਲ਼ ਸੰਬੰਧਿਤ ਅਤੇ ਇਸ ਨਾਲ਼ ਰਲਦੇ-ਮਿਲ਼ਦੇ ਹੋਰ ਵਿਸ਼ਿਆਂ ਬਾਰੇ ਲਿਖਣ ਲਈ ਕਿਹਾ ਗਿਆ ਹੈ। ਇਸ ਨਾਲ਼ ਵਿਦਿਆਰਥੀਆਂ ਵਿੱਚ ਸਿਰਜਣਾਤਮਿਕ ਯੋਗਤਾ ਪੈਦਾ ਹੋਣ ਦੇ ਨਾਲ਼-ਨਾਲ਼ ਉਹਨਾਂ ਦੇ ਗਿਆਨ ਵਿੱਚ ਵੀ ਵਾਧਾ ਹੋਵੇਗਾ।

### ਪਾਠ-ਅਭਿਆਸ

ਪਾਠ-ਅਭਿਆਸ ਵਿੱਚ ਪਾਠ ਆਧਾਰਿਤ ਬਹੁ-ਵਿਕਲਪੀ ਉੱਤਰਾਂ ਵਾਲ਼ੇ ਪ੍ਰਸ਼ਨ ਦਿੱਤੇ ਗਏ ਹਨ। ਇਹਨਾਂ ਉੱਤਰਾਂ ਵਿੱਚੋਂ ਠੀਕ ਉੱਤਰ ਦੀ ਚੋਣ ਵਿਦਿਆਰਥੀ ਨੂੰ ਪਾਠ ਨਾਲ਼ ਨੇੜਿਓਂ ਜੋੜਦੀ ਹੈ। ਇਸੇ ਤਰ੍ਹਾਂ ਬਹੁਤ ਛੋਟੇ, ਛੋਟੇ ਅਤੇ ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ ਵਿਦਿਆਰਥੀਆਂ ਦੀ ਸਿਰਜਣਾਤਮਿਕਤਾ ਅਤੇ ਗ੍ਰਹਿਣ ਕਰਨ ਦੀ ਮੁਹਾਰਤ ਨੂੰ ਨਿਖਾਰਦੇ ਹਨ। ਇਸ ਤੋਂ ਇਲਾਵਾ ਵਾਕ ਬਣਾਓ, ਸਹੀ-ਗ਼ਲਤ, ਉਚਿਤ ਮਿਲ਼ਾਨ ਵਾਲ਼ੇ ਪ੍ਰਸ਼ਨ ਵੀ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨਗੇ।

### ਅਧਿਆਪਕ ਲਈ

ਭਾਸ਼ਾ ਦੀ ਪੜ੍ਹਾਈ ਵਿੱਚ ਬਹੁਤਾ ਕਾਰਜ ਭਾਸ਼ਾ-ਅਧਿਆਪਕ ਨੇ ਕਰਨਾ ਹੁੰਦਾ ਹੈ। ਇਸ ਸੰਬੰਧ ਵਿੱਚ ਹਰ ਪਾਠ-ਅਭਿਆਸ ਦੇ ਅੰਤ ਵਿੱਚ 'ਅਧਿਆਪਕ ਲਈ' ਸਿਰਲੇਖ ਹੇਠ ਲੁੜੀਂਦੇ ਸੁਝਾਅ ਵੀ ਦਿੱਤੇ ਗਏ ਹਨ।

# ਪਾਠ-ਸੂਚੀ

Download the
**SP BOOKS App**
From Google Playstore
and Scan QR Code
for Chapter Animation


| | | | | |
|---|---|---|---|---|
| 1. | ਹਈ ਸ਼ਾਵਾ ਬਈ ਹਈ ਸ਼ਾਵਾ | *(ਕਵਿਤਾ)* | ਡਾ. ਤੇਜਿੰਦਰ ਕੌਰ | 1 |
| 2. | ਨਿੱਕੀ ਦੀ ਵੱਡੀ ਗੱਲ | *(ਕਹਾਣੀ)* | ਜਸਬੀਰ ਭੁੱਲਰ | 7 |
| 3. | ਡੂੰਘੀਆਂ ਗੱਲਾਂ | *(ਸਾਖੀ-ਅੰਸ਼)* | ਡਾ. ਕਰਨੈਲ ਸਿੰਘ ਸੋਮਲ | 14 |
| 4. | ਬਲੂੰਗੜੇ | *(ਕਵਿਤਾ)* | ਡਾ. ਸੁਰਜੀਤ ਪਾਤਰ | 20 |
| 5. | ਬਾਲ ਬਹਾਦਰੀ ਪੁਰਸਕਾਰ | *(ਕਹਾਣੀ)* | ਡਾ. ਹਰਜੀਤ ਸਿੰਘ | 27 |
| * | ਮਾਡਲ ਟੈੱਸਟ ਪੇਪਰ –1 | | | 33 |
| 6. | ਬਲਬ ਜਗਿਆ | *(ਕਹਾਣੀ)* | ਸੰਪਾਦਕ ਮੰਡਲ | 35 |
| 7. | ਬੁਗਨੀ | *(ਕਵਿਤਾ)* | ਡਾ. ਤੇਜਿੰਦਰ ਕੌਰ | 42 |
| 8. | ਪਿੱਠੂ ਗਰਮ | *(ਕਹਾਣੀ)* | ਡਾ. ਹਰਜੀਤ ਸਿੰਘ | 47 |
| 9. | ਕੁੱਤੇ ਨੂੰ ਮਾਲਕ ਕਿਵੇਂ ਲੱਭਾ ? | *(ਕਹਾਣੀ)* | ਜੋਗਾ ਸਿੰਘ | 54 |
| 10. | ਕਾਲ਼ੇ ਕਾਲ਼ੇ ਬੱਦਲ਼ਾ | *(ਕਵਿਤਾ)* | ਡਾ. ਤੇਜਿੰਦਰ ਕੌਰ | 61 |
| * | ਮਾਡਲ ਟੈੱਸਟ ਪੇਪਰ –2 | | | 67 |
| 11. | ਪੁਸਤਕਾਂ ਨੱਚ ਪਈਆਂ | *(ਕਹਾਣੀ)* | ਸੁਕੀਰਤੀ ਭਟਨਾਗਰ | 70 |
| 12. | ਬਾਪੂ ਦਾ ਕੁੜਤਾ | *(ਜੀਵਨੀ-ਅੰਸ਼)* | ਸੰਪਾਦਕ ਮੰਡਲ | 76 |
| 13. | ਟੋਪੀਆਂ ਵਾਲ਼ਾ ਭਾਈ | *(ਕਵਿਤਾ)* | ਡਾ. ਸੁਰਜੀਤ ਪਾਤਰ | 83 |
| 14. | ਅਨੋਖਾ ਭੇਡੂ | *(ਕਹਾਣੀ)* | ਡਾ. ਹਰਜੀਤ ਸਿੰਘ | 91 |
| 15. | ਕਾਲ਼ੇ ਛਿੱਟੇ | *(ਇਕਾਂਗੀ)* | ਜਸਬੀਰ ਭੁੱਲਰ | 98 |
| * | ਮਾਡਲ ਟੈੱਸਟ ਪੇਪਰ –3 | | | 107 |

# ਪਾਠ-ਮੁਲਾਂਕਣ

| ਪਾਠ ਦਾ ਨਾਂ | ਪਾਠ ਦਾ ਉਦੇਸ਼ | ਭਾਸ਼ਾਈ ਕੌਸ਼ਲ | ਭਾਸ਼ਾਈ ਕਿਰਿਆਵਾਂ | ਵਿਆਕਰਨ | ਹੋਰ ਗਤੀਵਿਧੀਆਂ |
|---|---|---|---|---|---|
| 1. ਹਈ ਸ਼ਾਵਾ ਬਈ ਹਈ ਸ਼ਾਵਾ (ਕਵਿਤਾ) | * ਜ਼ਿੰਦਗੀ ਵਿੱਚ ਹਮੇਸ਼ਾਂ ਅੱਗੇ ਵਧਣ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ<br>* ਯਾਦ ਕਰਕੇ ਲਿਖਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਸਹੀ ਜਾਂ ਗ਼ਲਤ<br>* ਵਾਕਾਂ ਵਿੱਚ ਵਰਤੋਂ<br>* ਇੱਕ ਲੈਅ ਵਾਲੇ ਸ਼ਬਦਾਂ ਦਾ ਮਿਲਾਨ ਕਰਨਾ<br>* ਕਾਵਿ-ਸਤਰਾਂ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਇੱਕ ਲੈ ਵਾਲ਼ੇ ਸ਼ਬਦ<br>* ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖਣਾ | * ਕਿਸੇ ਹੋਰ ਕਵਿਤਾ ਦੀਆਂ ਚਾਰ ਸਤਰਾਂ ਸੁੰਦਰ ਲਿਖਾਈ ਵਿੱਚ ਲਿਖਣੀਆਂ।<br>* ਕਵਿਤਾ ਯਾਦ ਕਰਕੇ ਜਮਾਤ ਵਿੱਚ ਸੁਣਾਉਣੀ। |
| 2. ਨਿੱਕੀ ਦੀ ਵੱਡੀ ਗੱਲ (ਕਹਾਣੀ) | * ਪਾਣੀ ਦੀ ਸੰਭਾਲ਼ ਬਾਰੇ | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਸਹੀ ਜਾਂ ਗ਼ਲਤ<br>* ਵਾਕਾਂ ਵਿੱਚ ਵਰਤੋਂ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ। | * ਸ਼ਬਦ ਸ਼ੁੱਧੀ<br>* ਸਮਾਨਾਰਥਕ ਸ਼ਬਦ ਲਿਖ ਕੇ ਵਾਕਾਂ ਵਿੱਚ ਵਰਤੋਂ | * 'ਪਾਣੀ ਬਚਾਓ, ਜੀਵਨ ਬਚਾਓ' ਉੱਤੇ ਸਤਰਾਂ ਲਿਖਣੀਆਂ। |
| 3. ਡੂੰਘੀਆਂ ਗੱਲਾਂ (ਸਾਖੀ-ਅੰਸ਼) | * ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਸਹੀ ਜਾਂ ਗ਼ਲਤ<br>* ਵਾਕਾਂ ਵਿੱਚ ਵਰਤੋਂ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਵਿਰੋਧੀ ਸ਼ਬਦ<br>* ਨਾਂਵ ਦੀਆਂ ਕਿਸਮਾਂ | * ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪੰਜ ਸਿੱਖਿਆਵਾਂ ਨੂੰ ਸੁੰਦਰ ਲਿਖਾਈ ਵਿੱਚ ਲਿਖਣਾ।<br>* ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਮੂਲ ਮੰਤਰ ਯਾਦ ਕਰਨਾ ਅਤੇ ਉਸ ਦੇ ਅਰਥ ਅਧਿਆਪਕ ਪਾਸੋਂ ਪਤਾ ਕਰਨੇ। |
| 4. ਬਲੂੰਗੜੇ (ਕਵਿਤਾ) | * ਬਿੱਲੀ ਅਤੇ ਬਲੂੰਗੜਿਆਂ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ<br>* ਯਾਦ ਕਰਕੇ ਲਿਖਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਸਹੀ ਜਾਂ ਗ਼ਲਤ<br>* ਵਾਕਾਂ ਵਿੱਚ ਵਰਤੋਂ<br>* ਕਾਵਿ-ਸਤਰਾਂ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਬਲੂੰਗੜੇ ਨਾਲ਼ ਮਿਲਦੀ ਲੈਅ ਵਾਲ਼ੇ ਸ਼ਬਦ ਲਿਖਣੇ<br>* ਦੇਸੀ ਸ਼ਬਦਾਂ ਦੇ ਅਰਥ-ਦੱਸਣਾ | * ਕੋਈ ਪੰਜ ਪਾਲਤੂ ਜਾਨਵਰਾਂ ਦੇ ਨਾਂ ਅਤੇ ਮਨਪਸੰਦ ਪਾਲਤੂ ਜਾਨਵਰਾਂ ਬਾਰੇ ਦੱਸਣਾ<br>* ਬਿੱਲੀ ਅਤੇ ਬਲੂੰਗੜਿਆਂ ਦੇ ਚਿੱਤਰ ਜੋੜ ਕੇ ਇੱਕ ਕੋਲਾਜ ਬਣਾਉਣਾ। |

## ਪਾਠ-ਮੁਲਾਂਕਣ

| ਪਾਠ ਦਾ ਨਾਂ | ਪਾਠ ਦਾ ਉਦੇਸ਼ | ਭਾਸ਼ਾਈ ਕੌਸ਼ਲ | ਭਾਸ਼ਾਈ ਕਿਰਿਆਵਾਂ | ਵਿਆਕਰਨ | ਹੋਰ ਗਤੀਵਿਧੀਆਂ |
|---|---|---|---|---|---|
| 5. ਬਾਲ ਬਹਾਦਰੀ ਪੁਰਸਕਾਰ (ਕਹਾਣੀ) | * ਸਕਾਊਟਾਂ ਬਾਰੇ ਜਾਣਕਾਰੀ ਦੇਣਾ ਅਤੇ ਬੱਚਿਆਂ ਵਿੱਚ ਬਹਾਦਰੀ ਦੇ ਗੁਣ ਪੈਦਾ ਕਰਨੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਸਹੀ ਜਾਂ ਗ਼ਲਤ<br>* ਵਾਕਾਂ ਵਿੱਚ ਵਰਤੋਂ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਵਚਨ ਬਦਲੀ | * 26 ਜਨਵਰੀ ਨੂੰ ਗਣਤੰਤਰ ਦਿਵਸ ਦੇ ਮੌਕੇ 'ਤੇ ਬਹਾਦਰੀ ਪੁਰਸਕਾਰ ਲੈਣ ਵਾਲੇ ਬੱਚਿਆਂ ਦੀ ਸੂਚੀ ਤਿਆਰ ਕਰਨਾ। |
| 6. ਬਲਬ ਜਗਿਆ (ਕਹਾਣੀ) | * ਬੱਚਿਆਂ ਦਾ ਹਨੇਰੇ ਤੋਂ ਡਰ ਅਤੇ ਬਲਬ ਦੀ ਖੋਜ ਬਾਰੇ | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਸਹੀ ਜਾਂ ਗ਼ਲਤ<br>* ਵਾਕਾਂ ਵਿੱਚ ਵਰਤੋਂ<br>* ਉਚਿਤ ਮਿਲ਼ਾਨ ਕਰਨਾ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਵਾਕ ਸ਼ੁੱਧੀ<br>* ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ | * ਐਡੀਸਨ ਦੀਆਂ ਖੋਜਾਂ ਬਾਰੇ ਇੱਕ ਕੋਲਾਜ਼ ਬਣਾਉਣਾ।<br>* ਪਰਛਾਵਾਂ ਕਿਵੇਂ ਬਣਦਾ ਹੈ ? ਬਾਰੇ ਅਧਿਆਪਕ ਤੋਂ ਪੁੱਛਣਾ। |
| 7. ਬੁਗਨੀ (ਕਵਿਤਾ) | * ਪੈਸਿਆਂ ਦੀ ਬੱਚਤ ਬਾਰੇ | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ<br>* ਯਾਦ ਕਰਕੇ ਲਿਖਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਕਾਵਿ-ਤੁਕਾਂ ਪੂਰੀਆਂ ਕਰਨਾ<br>* ਵਾਕਾਂ ਵਿੱਚ ਵਰਤੋਂ<br>* ਕਾਵਿ-ਸਤਰਾਂ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਵਚਨ ਬਦਲੀ<br>* ਵਿਸ਼ੇਸ਼ਣ ਚੁਣਨੇ | * ਇੱਕ ਬੁਗਨੀ ਖਰੀਦ ਕੇ ਉਸ ਵਿੱਚ ਪੈਸੇ ਪਾਓ।<br>* ਇਹਨਾਂ ਪੈਸਿਆਂ ਦਾ ਤੁਸੀਂ ਕੀ ਕਰੋਗੇ ? |
| 8. ਪਿੱਠੂ ਗਰਮ (ਕਹਾਣੀ) | * ਬੱਚਿਆਂ ਦੀ ਪ੍ਰਾਚੀਨ ਖੇਡ ਪਿੱਠੂ ਗਰਮ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਸਹੀ ਜਾਂ ਗ਼ਲਤ<br>* ਵਾਕਾਂ ਵਿੱਚ ਵਰਤੋਂ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਇੱਕ-ਵਚਨ-ਬਹੁ-ਵਚਨ<br>* ਲਿੰਗ ਬਦਲੀ | * ਪਸੰਦੀਦਾ ਖੇਡ ਬਾਰੇ ਪੰਜ ਵਾਕ ਲਿਖਣੇ।<br>* ਵੀਡੀਓ ਗੇਮਾਂ ਦੇ ਪੰਜ ਨੁਕਸਾਨ ਦੱਸਣੇ। |

## ਪਾਠ-ਮੁਲਾਂਕਣ

| ਪਾਠ ਦਾ ਨਾਂ | ਪਾਠ ਦਾ ਉਦੇਸ਼ | ਭਾਸ਼ਾਈ ਕੌਸ਼ਲ | ਭਾਸ਼ਾਈ ਕਿਰਿਆਵਾਂ | ਵਿਆਕਰਨ | ਹੋਰ ਗਤੀਵਿਧੀਆਂ |
|---|---|---|---|---|---|
| 9. ਕੁੱਤੇ ਨੂੰ ਮਾਲਕ ਕਿਵੇਂ ਲੱਭਾ ? (ਕਹਾਣੀ) | * ਚਾਹੇ ਕੋਈ ਜਾਨਵਰ ਹੋਵੇ ਜਾਂ ਵਿਅਕਤੀ ਉਹ ਆਪਣੇ ਲਈ ਸੁਰੱਖਿਆ ਨੂੰ ਤਰਜੀਹ ਦਿੰਦਾ ਹੈ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਵਾਕਾਂ ਵਿੱਚ ਵਰਤੋਂ<br>* ਸਹੀ ਜਾਂ ਗ਼ਲਤ<br>* ਸ਼ਬਦ ਕਿਸ ਨੇ, ਕਿਸ ਨੂੰ ਕਹੇ ?<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਵਿਰੋਧੀ ਸ਼ਬਦ<br>* ਲਿੰਗ ਬਦਲੀ | * 10 ਜੰਗਲ਼ੀ ਜਾਨਵਰਾਂ ਦੇ ਨਾਂ ਲਿਖਣੇ ਅਤੇ ਚਿੱਤਰ ਚਿਪਕਾਉਣੇ। |
| 10. ਕਾਲ਼ੇ-ਕਾਲ਼ੇ ਬੱਦਲ਼ਾ (ਕਵਿਤਾ) | * ਬੱਦਲ਼ ਅਤੇ ਮੀਂਹ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ<br>* ਯਾਦ ਕਰਕੇ ਲਿਖਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਸਹੀ ਜਾਂ ਗ਼ਲਤ<br>* ਉਚਿਤ ਮਿਲ਼ਾਨ ਕਰਨਾ। | * ਵਾਕਾਂ ਵਿੱਚ ਲਿੰਗ ਬਦਲੀ<br>* ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ<br>* ਉਲਟ ਅਰਥ ਰੱਖਣ ਵਾਲ਼ੇ ਸ਼ਬਦਾਂ 'ਤੇ ਗੋਲ਼ਾ ਲਗਾਉਣਾ | * ਮੀਂਹ ਵਰ੍ਹਨ ਬਾਰੇ ਰਚਨਾਤਮਿਕ ਲੇਖਣ। |
| 11. ਪੁਸਤਕਾਂ ਨੱਚ ਪਈਆਂ (ਕਹਾਣੀ) | * ਬੱਚਿਆਂ ਨੂੰ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਪ੍ਰੇਰਿਤ ਕਰਨਾ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਵਾਕਾਂ ਵਿੱਚ ਵਰਤੋਂ<br>* ਸਹੀ ਜਾਂ ਗ਼ਲਤ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਵਿਰੋਧੀ ਸ਼ਬਦ | * ਪਾਠ-ਪੁਸਤਕਾਂ ਤੋਂ ਇਲਾਵਾ ਹੋਰ ਪੜ੍ਹਨ ਯੋਗ ਪੁਸਤਕਾਂ ਬਾਰੇ ਦੱਸਣਾ। |
| 12. ਬਾਪੂ ਦਾ ਕੁੜਤਾ (ਜੀਵਨੀ-ਅੰਸ਼) | * ਮਹਾਤਮਾ ਗਾਂਧੀ ਜੀ ਦੀ ਸਾਦਗੀ ਬਾਰੇ | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਸਹੀ ਜਾਂ ਗ਼ਲਤ<br>* ਵਾਕਾਂ ਵਿੱਚ ਵਰਤੋਂ<br>* ਉਚਿਤ ਮਿਲ਼ਾਨ ਕਰਨਾ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਲਿੰਗ ਬਦਲੀ<br>* ਨਾਂਵ<br>* ਸ਼ਬਦ ਸ਼ੁੱਧੀ | * ਬਾਪੂ ਦੀਆਂ ਪੰਜ ਸਿੱਖਿਆਵਾਂ ਚਾਰਟ ਉੱਪਰ ਲਿਖਣੀਆਂ।<br>* ਮਹਾਤਮਾ ਗਾਂਧੀ ਜੀ ਦੇ ਜੀਵਨ ਨਾਲ਼ ਸੰਬੰਧਿਤ ਤਸਵੀਰਾਂ ਕਾਪੀ ਵਿੱਚ ਚਿਪਕਾਉਣੀਆਂ। |

## ਪਾਠ-ਮੁਲਾਂਕਣ

| ਪਾਠ ਦਾ ਨਾਂ | ਪਾਠ ਦਾ ਉਦੇਸ਼ | ਭਾਸ਼ਾਈ ਕੌਸ਼ਲ | ਭਾਸ਼ਾਈ ਕਿਰਿਆਵਾਂ | ਵਿਆਕਰਨ | ਹੋਰ ਗਤੀਵਿਧੀਆਂ |
|---|---|---|---|---|---|
| **13.** ਟੋਪੀਆਂ ਵਾਲ਼ਾ ਭਾਈ (ਕਵਿਤਾ) | * ਬਾਂਦਰਾਂ ਦੀ ਹੁਸ਼ਿਆਰੀ ਅਤੇ ਨਕਲ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ<br>* ਯਾਦ ਕਰਕੇ ਲਿਖਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਸਹੀ ਜਾਂ ਗ਼ਲਤ<br>* ਵਾਕਾਂ ਵਿੱਚ ਵਰਤੋਂ<br>* ਉਚਿਤ ਮਿਲ਼ਾਨ ਕਰਨਾ<br>* ਕਾਵਿ-ਸਤਰਾਂ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ। | * ਸਮਾਨਾਰਥਕ ਸ਼ਬਦਾਂ ਦਾ ਮਿਲ਼ਾਨ ਕਰਨਾ<br>* ਸਮਾਸੀ ਸ਼ਬਦ | * ਚਿੱਤਰ ਵਿੱਚ ਆਪਣੀ ਕਲਪਨਾ ਅਨੁਸਾਰ ਰੰਗ ਭਰਨਾ। |
| **14.** ਅਨੋਖਾ ਭੇਡੂ (ਕਹਾਣੀ) | * ਆਪਣੇ-ਆਪ ਨੂੰ ਸੁੰਦਰ ਦਿਖਣ ਦੀ ਕਲਪਨਾ ਕਰਨ ਬਾਰੇ | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਵਾਕਾਂ ਵਿੱਚ ਵਰਤੋਂ<br>* ਪੈਰਾ ਪੜ੍ਹ ਕੇ ਸਹੀ ਉੱਤਰ ਚੁਣਨੇ। | * ਪੜਨਾਂਵ<br>* ਵਚਨ ਬਦਲੀ | * 10 ਜੰਗਲ਼ੀ ਜਾਨਵਰਾਂ ਦੇ ਨਾਂ ਸੁੰਦਰ ਲਿਖਾਈ ਵਿੱਚ ਲਿਖਣੇ। |
| **15.** ਕਾਲ਼ੇ ਛਿੱਟੇ (ਇਕਾਂਗੀ) | * ਵਹਿਮਾਂ-ਭਰਮਾਂ ਤੋਂ ਬਚਣ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਸਹੀ ਜਾਂ ਗ਼ਲਤ<br>* ਵਾਕਾਂ ਵਿੱਚ ਵਰਤੋਂ<br>* ਉਚਿਤ ਮਿਲ਼ਾਨ ਕਰਨਾ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ। | * ਸ਼ੁੱਧ-ਅਸ਼ੁੱਧ<br>* ਵਿਰੋਧੀ ਸ਼ਬਦਾਂ ਨਾਲ਼ ਮਿਲ਼ਾਨ ਕਰਨਾ | * ਭੂਤਾਂ-ਪ੍ਰੇਤਾਂ ਦੀਆਂ ਕਹਾਣੀਆਂ ਵਿੱਚੋਂ ਕੋਈ ਇੱਕ ਕਹਾਣੀ ਜਮਾਤ ਵਿੱਚ ਸੁਣਾਉਣੀ। |




# ਹਈ ਸ਼ਾਵਾ ਬਈ ਹਈ ਸ਼ਾਵਾ

## ਪਾਠ ਬਾਰੇ ਚਰਚਾ

- ਤੁਸੀਂ ਜਮਾਤ ਵਿੱਚੋਂ ਅੱਵਲ ਆਉਣ ਲਈ ਕੀ ਕਰਦੇ ਹੋ ?
- ਕਿਸੇ ਔਖੇ ਵਿਸ਼ੇ ਦੀ ਤਿਆਰੀ ਤੁਸੀਂ ਕਿਵੇਂ ਕਰਦੇ ਹੋ ?

ਹਈ ਸ਼ਾਵਾ ਬਈ
ਹਈ ਸ਼ਾਵਾ!
ਹਈ ਸ਼ਾਵਾ ਬਈ
ਹਈ ਸ਼ਾਵਾ!

ਹੰਭਲ਼ੇ ਮਾਰ ਕੇ
ਆਓ ਆਪਾਂ
ਚੜ੍ਹ ਜਾਈਏ ਚੜ੍ਹਾਈ!
ਹੰਭਲ਼ੇ ਮਾਰ ਕੇ
ਹਿੰਮਤ ਕਰਕੇ
ਕਰ ਲਈਏ ਪੜ੍ਹਾਈ!

ਹੰਭਲ਼ੇ ਮਾਰਨ
ਵਾਲ਼ਿਆਂ ਦੇ ਦਿਨ
ਹੋ ਜਾਂਦੇ ਨੇ ਰੰਗਲੇ!
ਹਈ ਸ਼ਾਵਾ ਬਈ
ਹਈ ਸ਼ਾਵਾ!

ਹੰਭਲ਼ੇ—ਦ੍ਰਿੜ੍ਹ ਕੋਸ਼ਸ਼ (determined try)।
ਰੰਗਲੇ—ਰੰਗੀਨ (colourful)।



ਹੰਭਲ਼ੇ ਮਾਰ ਕੇ
ਅੱਗੇ ਵਧੀਏ
ਕਦੇ ਨਾ ਬਣੀਏ ਬੁਜ਼ਦਿਲ!
ਹੰਭਲ਼ੇ ਮਾਰ ਜੋ
ਵੱਧਦੇ ਜਾਂਦੇ
ਸਰ ਕਰ ਲੈਂਦੇ ਮੰਜ਼ਲ!

ਬਹਾਦਰ ਉਹੀ ਜੋ
ਹਰ ਮੁਸ਼ਕਲ ਵਿੱਚ
ਹੰਭਲ਼ਾ ਮਾਰ ਕੇ
ਸੰਭਲ਼ੇ!

ਹਈ ਸ਼ਾਵਾ ਬਈ
ਹਈ ਸ਼ਾਵਾ!



ਬੁਜ਼ਦਿਲ—ਡਰਪੋਕ (coward)। ਸਰ—ਜਿੱਤ (win)।
ਮੁਸ਼ਕਲ—ਔਖਾ (difficult)।

## ਪਾਠ-ਅਭਿਆਸ

1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :

(ੳ) ਕਵਿਤਾ ਵਿੱਚ ਹੰਭਲ਼ੇ ਮਾਰ ਕੇ ਕੀ ਚੜ੍ਹਨ ਲਈ ਕਿਹਾ ਗਿਆ ਹੈ ?

ਚੜ੍ਹਾਈ ☐ ਬੱਸ ☐ ਕਾਰ ☐ ਜਹਾਜ਼ ☐

(ਅ) ਪੜ੍ਹਨ ਲਈ ਕੀ ਕਰਨਾ ਚਾਹੀਦਾ ਹੈ ?

ਜਾਗਣਾ ☐ ਹਿੰਮਤ ☐ ਇਸ਼ਨਾਨ ☐ ਸੌਣਾ ☐

(ੲ) ਸਾਨੂੰ ਕੀ ਨਹੀਂ ਬਣਨਾ ਚਾਹੀਦਾ ?

ਆਦਮੀ ☐ ਬਹਾਦਰ ☐ ਡਰਪੋਕ ☐ ਹਿੰਮਤੀ ☐

(ਸ) ਕੀ ਮਾਰਨ ਵਾਲ਼ੇ ਮੰਜ਼ਲ ਸਰ ਕਰ ਲੈਂਦੇ ਹਨ ?

ਮਨ ☐ ਹੰਭਲ਼ੇ ☐ ਮੱਖੀ ☐ ਮੱਛਰ ☐

(ਹ) ਮੁਸ਼ਕਲ ਵਿੱਚ ਕੌਣ ਸੰਭਲ਼ਦਾ ਹੈ ?

ਬੁਜ਼ਦਿਲ ☐ ਡਰਪੋਕ ☐ ਡਰਾਕਲ ☐ ਬਹਾਦਰ ☐

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਚੜ੍ਹਾਈ ਚੜ੍ਹਨ ਲਈ ਕੀ ਮਾਰਨਾ ਪੈਂਦਾ ਹੈ ?

ਉੱਤਰ ..................................................................................................

(ਅ) ਹਿੰਮਤ ਕਰਕੇ ਅਸੀਂ ਕੀ ਕਰ ਸਕਦੇ ਹਾਂ ?

ਉੱਤਰ ..................................................................................................

(ੲ) ਹੰਭਲ਼ੇ ਮਾਰਨ ਵਾਲ਼ਿਆਂ ਦੇ ਦਿਨ ਕਿਹੋ ਜਿਹੇ ਹੋ ਜਾਂਦੇ ਹਨ ?

ਉੱਤਰ ..................................................................................................

(ਸ) ਸਾਨੂੰ ਕਿੱਧਰ ਨੂੰ ਵਧਣਾ ਚਾਹੀਦਾ ਹੈ ?

ਉੱਤਰ ..................................................................................................

(ਹ) ਹੰਭਲ਼ੇ ਮਾਰਨ ਵਾਲ਼ੇ ਕੀ ਸਰ ਕਰ ਲੈਂਦੇ ਹਨ ?

ਉੱਤਰ ..................................................................................................

**3. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ੳ) ਆਓ ਆਪਾਂ ........................ ਜਾਈਏ ਚੜ੍ਹਾਈ। (ਚੜ੍ਹ, ਉਤਰ)

(ਅ) ਹਿੰਮਤ ਕਰਕੇ ਕਰ ਲਈਏ ........................ । (ਚੜ੍ਹਾਈ, ਪੜ੍ਹਾਈ)

(ੲ) ਹੰਭਲ਼ੇ ਮਾਰਨ ਵਾਲ਼ਿਆਂ ਦੇ ........................ ਹੋ ਜਾਂਦੇ ਰੰਗਲੇ। (ਦਿਨ, ਰਸਤੇ)

(ਸ) ਕਦੇ ਨਾ ਬਣੀਏ ........................। (ਬੁਜ਼ਦਿਲ, ਡਰਪੋਕ)

(ਹ) ਹਈ ........................ ਬਈ ਹੰਭਲ਼ੇ। (ਚਾਰਾ, ਸ਼ਾਵਾ)

**4. ਪਾਠ ਅਨੁਸਾਰ ਸਹੀ ਵਾਕ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ। ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ :**

(ੳ) ਚੜ੍ਹਾਈ ਚੜ੍ਹਨ ਲਈ ਹੰਭਲ਼ਾ ਮਾਰਨਾ ਜ਼ਰੂਰੀ ਹੈ। ☐

(ਅ) ਹਿੰਮਤ ਕਰਕੇ ਕਰ ਲਈਏ ਪੜ੍ਹਾਈ। ☐

(ੲ) ਹੰਭਲ਼ੇ ਮਾਰਨ ਵਾਲ਼ਿਆਂ ਦੇ ਦਿਨ ਰੰਗਲੇ ਨਹੀਂ ਹੁੰਦੇ। ☐

(ਸ) ਸਾਨੂੰ ਬਹਾਦਰ ਨਹੀਂ ਬਣਨਾ ਚਾਹੀਦਾ। ☐

(ਹ) ਮੁਸ਼ਕਲ ਵਿੱਚ ਬਹਾਦਰ ਹੀ ਸੰਭਲ਼ਦੇ ਹਨ। ☐

**5. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਹੰਭਲ਼ੇ | — | ਹੰਭਲ਼ੇ ਮਾਰ ਕੇ ਆਓ ਆਪਾਂ ਚੜ੍ਹ ਜਾਈਏ ਚੜ੍ਹਾਈ। (ਉਦਾਹਰਨ) |
| (ਅ) ਪੜ੍ਹਾਈ | — | ................................................................................ |
| (ੲ) ਬੁਜ਼ਦਿਲ | — | ................................................................................ |
| (ਸ) ਮੰਜ਼ਲ | — | ................................................................................ |
| (ਹ) ਬਹਾਦਰ | — | ................................................................................ |
| (ਕ) ਮੁਸ਼ਕਲ | — | ................................................................................ |

**6. ਇੱਕੋ ਜਿਹੀ ਲੈਅ ਵਾਲ਼ੇ ਸ਼ਬਦਾਂ ਦਾ ਮਿਲ਼ਾਨ ਕਰੋ :**

| | |
|---|---|
| (ੳ) ਪੜ੍ਹਾਈ | ਹਾਰਨ |
| (ਅ) ਹੰਭਲ਼ੇ | ਖਾਈਏ |
| (ੲ) ਮਾਰਨ | ਸਾਰ |
| (ਸ) ਜਾਈਏ | ਚੜ੍ਹਾਈ |
| (ਹ) ਮਾਰ | ਸੰਭਲ਼ੇ |

**7. ਹੇਠਾਂ ਦਿੱਤੀਆਂ ਕਾਵਿ-ਸਤਰਾਂ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਹੰਭਲ਼ੇ ਮਾਰ ਕੇ
ਅੱਗੇ ਵਧੀਏ
ਕਦੇ ਨਾ ਬਣੀਏ ਬੁਜ਼ਦਿਲ।
ਹੰਭਲ਼ੇ ਮਾਰ ਜੋ
ਵੱਧਦੇ ਜਾਂਦੇ
ਸਰ ਕਰ ਲੈਂਦੇ ਮੰਜ਼ਲ।

(ੳ) ਹੰਭਲ਼ੇ ਦਾ ਅਰਥ ਹੈ।

ਗੁਲਗੁਲੇ ☐ ਦ੍ਰਿੜ੍ਹ ਕੋਸ਼ਸ਼ ☐ ਭੱਲੇ ☐ ਥਕਾਨ ☐

(ਅ) ਸਾਨੂੰ ਕਿੱਧਰ ਨੂੰ ਵਧਣਾ ਚਾਹੀਦਾ ਹੈ ?

ਖੱਬੇ ☐ ਸੱਜੇ ☐ ਅੱਗੇ ☐ ਪਿੱਛੇ ☐

(ੲ) ਸਾਨੂੰ ਕੀ ਨਹੀਂ ਬਣਨਾ ਚਾਹੀਦਾ ?

ਬਹਾਦਰ ☐ ਹੁਸ਼ਿਆਰ ☐ ਬੁਜ਼ਦਿਲ ☐ ਚਲਾਕ ☐

(ਸ) ਅੱਗੇ ਵਧਣ ਲਈ ਕੀ ਮਾਰਨਾ ਪੈਂਦਾ ਹੈ ?

ਮਨ ☐ ਮੱਖੀ ☐ ਹੰਭਲ਼ਾ ☐ ਚਲਾਕੀ ☐

(ਹ) ਹੰਭਲ਼ੇ ਮਾਰਨ ਵਾਲ਼ੇ ਕੀ ਸਰ ਕਰਦੇ ਹਨ ?

ਪੜ੍ਹਾਈ ☐ ਮੰਜ਼ਲ ☐ ਚੜ੍ਹਾਈ ☐ ਮੁਸ਼ਕਲ ☐




**1. ਹੇਠ ਲਿਖੇ ਸ਼ਬਦਾਂ ਦੇ ਉਲਟ ਅਰਥਾਂ ਵਾਲ਼ੇ ਸ਼ਬਦ ਲਿਖੋ :**

(ੳ) ਚੜ੍ਹਾਈ ਉਤਰਾਈ (ਅ) ਲਈਏ ..........................

(ੲ) ਦਿਨ .......................... (ਸ) ਜਾਂਦੇ ..........................

(ਹ) ਬਹਾਦਰ ..........................

**2. ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ :**

| | ਹਿੰਦੀ | ਅੰਗਰੇਜ਼ੀ |
|---|---|---|
| (ੳ) ਚੜ੍ਹ | चढ़ | Climb |
| (ਅ) ਪੜ੍ਹਾਈ | .......................... | .......................... |
| (ੲ) ਦਿਨ | .......................... | .......................... |
| (ਸ) ਅੱਗੇ | .......................... | .......................... |
| (ਹ) ਬਹਾਦਰ | .......................... | .......................... |
| (ਕ) ਮੁਸ਼ਕਲ | .......................... | .......................... |



## ਯੋਗਤਾ ਵਿਸਤਾਰ

- ਇਸ ਕਵਿਤਾ ਦੀਆਂ ਕੋਈ ਚਾਰ ਸਤਰਾਂ ਸੁੰਦਰ ਲਿਖਾਈ ਵਿੱਚ ਲਿਖੋ।

.....................................................................................................

.....................................................................................................

.....................................................................................................

.....................................................................................................

- ਵਿਦਿਆਰਥੀ ਇਹ ਕਵਿਤਾ ਯਾਦ ਕਰਕੇ ਜਮਾਤ ਵਿੱਚ ਸੁਣਾਉਣ।



## ਅਧਿਆਪਕ ਲਈ

- ਅਧਿਆਪਕ ਸਾਹਿਬਾਨ ਇਸ ਕਵਿਤਾ ਨੂੰ ਲੈਅ ਬੱਧ ਕਰਕੇ ਜਮਾਤ ਵਿੱਚ ਸੁਣਾਉਣ ਅਤੇ ਵਿਦਿਆਰਥੀਆਂ ਨੂੰ ਔਖੇ ਸਮੇਂ ਹੰਭਲਾ ਮਾਰਨ ਲਈ ਪ੍ਰੇਰਿਤ ਕਰਨ।
- ਅਧਿਆਪਕ ਸਾਹਿਬਾਨ ਆਪਣੇ ਜੀਵਨ ਵਿੱਚੋਂ ਉਦਾਹਰਨਾਂ ਦੇ ਕੇ ਵੀ ਵਿਦਿਆਰਥੀਆਂ ਨੂੰ ਪ੍ਰੇਰ ਸਕਦੇ ਹਨ।




# ਨਿੱਕੀ ਦੀ ਵੱਡੀ ਗੱਲ

## ਪਾਠ ਬਾਰੇ ਚਰਚਾ

- ਕੀ ਪਾਣੀ ਤੋਂ ਬਿਨਾਂ ਜੀਵਨ ਸੰਭਵ ਹੈ ?
- ਤੁਸੀਂ ਪਾਣੀ ਬਚਾਉਣ ਲਈ ਕੀ ਉਪਰਾਲੇ ਕਰਦੇ ਹੋ ?

ਇੱਕ ਦਿਨ ਨਿੱਕੀ ਦੇ ਪਾਪਾ ਨੇ ਦੱਸਿਆ, "ਧਰਤੀ ਹੇਠੋਂ ਪਾਣੀ ਘੱਟ ਰਿਹਾ ਹੈ। ਜੇ ਪਾਣੀ ਮੁੱਕ ਗਿਆ ਤਾਂ ਕੁਝ ਵੀ ਨਹੀਂ ਰਹਿਣਾ, ਨਾ ਬੰਦੇ, ਨਾ ਪਰਿੰਦੇ, ਨਾ ਵਣ-ਤ੍ਰਿਣ। ਸਾਨੂੰ ਪਾਣੀ ਬਚਾਉਣਾ ਚਾਹੀਦਾ ਏ।"

ਨਿੱਕੀ ਦੀ ਮਾਂ ਨੇ ਹਾਮੀ ਭਰੀ, "ਤੁਸੀਂ ਠੀਕ ਆਖਦੇ ਹੋ। ਸਾਡਾ ਬਹੁਤਾ ਪਾਣੀ ਤਾਂ ਅਜਾਈਂ ਜਾਂਦਾ ਹੈ। ਸਵੇਰੇ ਸੈਰ ਕਰਨ ਜਾਂਦੀ ਹਾਂ ਤਾਂ ਵੇਖਦੀ ਹਾਂ, ਲੋਕ ਪੂਰੀ ਟੂਟੀ ਖੋਲ੍ਹ ਕੇ ਕਾਰਾਂ ਧੋਂਦੇ ਨੇ। ਕਾਰ ਥੋੜ੍ਹੇ ਪਾਣੀ ਨਾਲ਼ ਵੀ ਤਾਂ ਸਾਫ਼ ਹੋ ਸਕਦੀ ਐ।"



ਮੁੱਕ—ਖ਼ਤਮ (finish)।
ਪਰਿੰਦੇ—ਪੰਛੀ (birds)।
ਵਣ-ਤ੍ਰਿਣ—ਬਨਸਪਤੀ (vegetation)।
ਅਜਾਈਂ—ਵਿਅਰਥ (in vain)।



"ਹਾਂ, ਇਸ ਬਾਰੇ ਲੋਕ ਸੁਚੇਤ ਹੀ ਨਹੀਂ। ਪੌਦਿਆਂ ਨੂੰ ਪਾਣੀ ਦਿੰਦੇ ਨੇ ਤਾਂ ਟੂਟੀ ਖੁੱਲ੍ਹੀ ਰਹਿਣ ਦਿੰਦੇ ਨੇ। ਕਈ ਘਰਾਂ ਦਾ ਪਾਣੀ ਬਾਹਰ ਸੜਕ ਉੱਤੇ ਵਗ ਰਿਹਾ ਹੁੰਦੈ। ਮੈਂ ਤਾਂ ਬੈੱਲ ਵਜਾ ਕੇ ਕਹਿ ਦਿੰਦਾ ਹਾਂ ਕਿ ਟੂਟੀ ਬੰਦ ਕਰ ਲੈਣ। ਕਈ ਲੋਕ ਤਾਂ ਮੇਰੀ ਗੱਲ ਦਾ ਗੁੱਸਾ ਵੀ ਕਰ ਲੈਂਦੇ ਨੇ।" ਨਿੱਕੀ ਦੇ ਪਾਪਾ ਨੇ ਆਪਣਾ ਤਜਰਬਾ ਦੱਸਿਆ।

ਨਿੱਕੀ ਦੀ ਮਾਂ ਨੇ ਕਿਹਾ, "ਵੇਖੋ ਜੀ! ਆਪਾਂ ਉਹਨਾਂ ਘਰਾਂ ਵਿੱਚੋਂ ਹਾਂ ਜਿਹੜੇ ਖ਼ਿਆਲ ਰੱਖਦੇ ਨੇ ਕਿ ਪਾਣੀ ਬਰਬਾਦ ਨਾ ਹੋਵੇ। ਫੇਰ ਵੀ ਆਪਾਂ ਸੋਚੀਏ ਜ਼ਰੂਰ, ਕਿਧਰੇ ਆਪਣਾ ਹੀ ਪਾਣੀ ਅਜਾਈਂ ਤਾਂ ਨਹੀਂ ਜਾ ਰਿਹਾ।"

> ਸੁਚੇਤ—ਚੁਕੰਨਾ (cautious)। ਬਰਬਾਦ—ਨਸ਼ਟ, ਵਿਅਰਥ (waste)। ਅਣਗਹਿਲੀ—ਬੇਧਿਆਨੀ (carelessness)। ਚੇਤੇ—ਯਾਦ (remember)। ਘੋਖ—ਪੜਤਾਲ (inquiry)। ਤੁਪਕਾ-ਤੁਪਕਾ—ਬੂੰਦ-ਬੂੰਦ (drop by drop)।

"ਹਾਂ, ਇਹ ਸਾਨੂੰ ਜ਼ਰੂਰ ਸੋਚਣਾ ਚਾਹੀਦਾ ਏ।" ਨਿੱਕੀ ਦੇ ਪਾਪਾ ਬੋਲੇ।

"ਸਵੇਰੇ ਦੰਦਾਂ ਉੱਤੇ ਬੁਰਸ਼ ਕਰਦਿਆਂ ਅਸੀਂ ਪਾਣੀ ਚਲਦਾ ਹੀ ਰੱਖਦੇ ਹਾਂ। ਬੁਰਸ਼ ਕਰਦਿਆਂ ਪਾਣੀ ਬੰਦ ਕਰ ਦੇਣਾ ਚਾਹੀਦਾ ਏ। ਬੁਰਸ਼ ਧੋਣ ਵੇਲ਼ੇ ਤੇ ਚੁਲ਼ੀ ਕਰਨ ਵੇਲ਼ੇ ਟੂਟੀ ਫੇਰ ਚਲਾ ਲੈਣੀ ਚਾਹੀਦੀ ਹੈ।" ਨਿੱਕੀ ਦੀ ਮਾਂ ਨੇ ਸੋਹਣਾ ਨੁਕਤਾ ਦੱਸਿਆ।

"ਬਈ, ਮੈਂ ਤਾਂ ਕਦੀ-ਕਦੀ ਅਣਗਹਿਲੀ ਕਰ ਜਾਂਦਾ ਹਾਂ ਪਰ ਹੁਣ ਇਹ ਗੱਲ ਚੇਤੇ ਰੱਖੂੰ।"

ਨਿੱਕੀ ਦੇ ਪਾਪਾ ਤੇ ਮੰਮੀ ਆਪਣੀ ਹੀ ਘੋਖ ਕਰ ਰਹੇ ਸਨ। ਇਹ ਚੰਗੀ ਗੱਲ ਸੀ।

ਨਿੱਕੀ ਦੀ ਮਾਂ ਨੇ ਕਿਹਾ, "ਜਦੋਂ ਆਪਾਂ ਪਾਣੀ ਪੀਂਦੇ ਹਾਂ, ਕੁਝ ਘੁੱਟ ਭਰ ਕੇ ਗਲਾਸ ਵਿਚਲਾ ਬਾਕੀ ਪਾਣੀ ਡੋਲ੍ਹ ਦਿੰਦੇ ਹਾਂ। ਇਹ ਵੀ ਤਾਂ ਪਾਣੀ ਦੀ ਬਰਬਾਦੀ ਹੈ।"

ਨਿੱਕੀ ਨੇੜੇ ਹੀ ਬੈਠੀ ਹੋਈ ਸੀ। ਉਹ ਮੰਮੀ, ਪਾਪਾ ਦੀਆਂ ਗੱਲਾਂ ਸੁਣ ਰਹੀ ਸੀ। ਉਸ ਨੇ ਸੋਚਿਆ, ਉਹਨੂੰ ਵੀ ਤਾਂ ਪਾਣੀ ਦੀ ਬਰਬਾਦੀ ਰੋਕਣ ਲਈ ਕੁਝ ਕਰਨਾ ਚਾਹੀਦਾ ਸੀ।

ਗਰਮੀਆਂ ਦੇ ਦਿਨ ਸਨ। ਕਮਰੇ ਵਿੱਚ ਏਅਰ-ਕੰਡੀਸ਼ਨਰ ਚੱਲ ਰਿਹਾ ਸੀ। ਬਾਹਰ ਤੁਪਕਾ-ਤੁਪਕਾ ਪਾਣੀ ਡਿਗ ਰਿਹਾ ਸੀ। ਉਹ ਪਾਣੀ ਵਗ ਕੇ ਬਾਹਰਲੇ ਗੇਟ ਤੱਕ ਪਹੁੰਚ ਚੁੱਕਿਆ ਸੀ।

ਨਿੱਕੀ ਨੇ ਪਹਿਲੋਂ ਵੀ ਇਸ ਤਰ੍ਹਾਂ ਤੁਪਕਾ-ਤੁਪਕਾ ਪਾਣੀ ਡਿਗਦਾ ਵੇਖਿਆ ਸੀ। ਅੱਜ ਉਸ ਨੂੰ ਪਤਾ ਸੀ ਇਸ ਪਾਣੀ ਨੂੰ ਕਿਸ ਤਰ੍ਹਾਂ ਬਚਾਉਣਾ ਹੈ। ਉਹਨੇ ਗੁਸਲਖ਼ਾਨੇ ਵਿੱਚੋਂ ਬਾਲ਼ਟੀ ਚੁੱਕੀ। ਉੱਥੋਂ ਤੁਰਨ ਵੇਲ਼ੇ ਉਸ ਵੇਖਿਆ, ਗੁਸਲਖ਼ਾਨੇ ਦੀ ਟੂਟੀ ਵਿੱਚੋਂ ਤਿੱਪ-ਤਿੱਪ ਪਾਣੀ ਡਿਗ ਰਿਹਾ ਸੀ।



ਨਿੱਕੀ ਨੇ ਟੂਟੀ ਚੰਗੀ ਤਰ੍ਹਾਂ ਬੰਦ ਕਰ ਦਿੱਤੀ। ਪਾਣੀ ਡਿਗਣਾ ਬੰਦ ਹੋ ਗਿਆ। ਬਾਲ਼ਟੀ ਲਿਆ ਕੇ ਉਹਨੇ ਏ.ਸੀ. ਦੇ ਡਿਗਦੇ ਪਾਣੀ ਹੇਠ ਰੱਖ ਦਿੱਤੀ।

ਨਿੱਕੀ ਰਸੋਈ ਵਿੱਚ ਗਈ। ਪੀਣ ਵਾਲ਼ੇ ਪਾਣੀ ਲਈ ਮਾਂ ਨੇ ਆਰ.ਓ. ਚਲਾਇਆ ਹੋਇਆ ਸੀ। ਟੈਂਕੀ ਸ਼ੁੱਧ ਪਾਣੀ ਨਾਲ਼ ਹੌਲ਼ੀ-ਹੌਲ਼ੀ ਭਰ ਰਹੀ ਸੀ।

ਪਾਣੀ ਨੂੰ ਸ਼ੁੱਧ ਕਰਨ ਦਾ ਤਰੀਕਾ ਕੁਝ ਇਸ ਤਰ੍ਹਾਂ ਦਾ ਸੀ ਕਿ ਬਹੁਤ ਸਾਰਾ ਪਾਣੀ ਅਜਾਈਂ ਵੀ ਜਾਂਦਾ ਸੀ। ਆਰ.ਓ. ਦੀ ਨਿਕਾਸ ਵਾਲ਼ੀ ਪਾਈਪ ਰਾਹੀਂ ਉਸ ਵੇਲ਼ੇ ਵੀ ਪਾਣੀ ਬਾਹਰ ਡਿਗ ਰਿਹਾ ਸੀ।

ਨਿੱਕੀ ਨੇ ਉਸ ਪਾਈਪ ਦੇ ਹੇਠਾਂ ਜੱਗ ਰੱਖ ਦਿੱਤਾ। ਪਾਣੀ ਜੱਗ ਵਿੱਚ ਡਿਗਣ ਲੱਗ ਪਿਆ। ਪਾਣੀ ਭਰ ਗਿਆ ਤਾਂ ਮਾਂ ਨੇ ਆਰ.ਓ. ਬੰਦ ਕਰ ਦਿੱਤਾ।



**ਨਿਕਾਸ**—ਬਾਹਰ (out flow)। **ਤੇਹ**—ਪਿਆਸ (thirst)।

ਨਿੱਕੀ ਨੇ ਸ਼ਾਮ ਨੂੰ ਉੱਠ ਕੇ ਵੇਖਿਆ, ਬਾਹਰ ਏ.ਸੀ. ਦੇ ਡਿਗਦੇ ਪਾਣੀ ਹੇਠ ਰੱਖੀ ਹੋਈ ਬਾਲ਼ਟੀ ਲਗਭਗ ਪੌਣੀ ਭਰ ਗਈ ਸੀ।

ਰਸੋਈ ਵਿੱਚ ਆਰ.ਓ. ਦੇ ਫ਼ਾਲਤੂ ਜਾਣ ਵਾਲ਼ੇ ਪਾਣੀ ਨਾਲ਼ ਜੱਗ ਵੀ ਭਰਿਆ ਹੋਇਆ ਸੀ।

ਵਿਹੜੇ ਵਿੱਚ ਲੱਗੇ ਹੋਏ ਪੌਦਿਆਂ ਨੇ ਦਿਨ ਭਰ ਗਰਮੀ ਝੱਲੀ ਸੀ। ਉਸ ਵੇਲ਼ੇ ਪੌਦਿਆਂ ਨੂੰ ਤੇਹ ਲੱਗੀ ਹੋਈ ਸੀ। ਨਿੱਕੀ ਨੇ ਉਸ ਪਾਣੀ ਨਾਲ਼ ਪੌਦਿਆਂ ਨੂੰ ਸਿੰਜ ਦਿੱਤਾ।

ਨਿੱਕੀ ਉਤਸ਼ਾਹ ਨਾਲ਼ ਭਰੀ ਹੋਈ ਸੀ। ਉਹਨੂੰ ਪਾਣੀ ਬਚਾਉਣ ਦਾ ਇੱਕ ਹੋਰ ਤਰੀਕਾ ਵੀ ਲੱਭ ਪਿਆ ਸੀ। ਉਹਨੇ ਅੰਦਰ ਜਾ ਕੇ ਮੰਮੀ-ਪਾਪਾ ਨੂੰ ਦੱਸਿਆ, "ਤੁਸੀਂ ਐਂਵੇ ਚਿੰਤਾ ਨਾ ਕਰੋ। ਆਪਾਂ ਧਰਤੀ ਦਾ ਪਾਣੀ ਮੁੱਕਣ ਨਹੀਂ ਦੇਣਾ।"



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਪਾਠ ਅਨੁਸਾਰ ਧਰਤੀ ਹੇਠੋਂ ਕੀ ਘੱਟ ਰਿਹਾ ਹੈ ?

ਪਾਣੀ ☐ ਕੋਲ਼ਾ ☐ ਗੈਸ ☐ ਤੇਲ ☐

(ਅ) ਕੀ ਅਸੀਂ ਪਾਣੀ ਦੀ ਲੋੜ ਅਨੁਸਾਰ ਹੀ ਵਰਤੋਂ ਕਰਦੇ ਹਾਂ ?

ਹਾਂ ☐ ਨਹੀਂ ☐ ਸ਼ਾਇਦ ☐ ਪਤਾ ਨਹੀਂ ☐

(ੲ) ਏਅਰ ਕੰਡੀਸ਼ਨਰ ਹੇਠਾਂ ਕੀ ਡਿਗ ਰਿਹਾ ਸੀ ?

ਤੇਲ ☐ ਪਾਣੀ ☐ ਪੈਟਰੋਲ ☐ ਰੇਤਾ ☐

(ਸ) ਨਿੱਕੀ ਨੇ ਜੱਗ ਵਾਲ਼ੇ ਪਾਣੀ ਦਾ ਕੀ ਕੀਤਾ ਸੀ ?

ਵਿਹੜੇ ਵਿੱਚ ਰੋੜ੍ਹਿਆ ਸੀ ☐ ਬੂਟਿਆਂ ਨੂੰ ਪਾਇਆ ਸੀ ☐

ਬੁਰਸ਼ ਕੀਤਾ ਸੀ ☐ ਪੀ ਲਿਆ ਸੀ ☐

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਜੇ ਪਾਣੀ ਮੁੱਕ ਗਿਆ ਤਾਂ ਕੀ ਹੋਵੇਗਾ ?

ਉੱਤਰ ..........................................................................................

(ਅ) ਲੋਕ ਕਾਰਾਂ ਕਿਵੇਂ ਧੋਂਦੇ ਹਨ ?

ਉੱਤਰ ..........................................................................................

(ੲ) ਕੀ ਲੋਕ ਪਾਣੀ ਦੀ ਵਰਤੋਂ ਪ੍ਰਤੀ ਸੁਚੇਤ ਹਨ ?

ਉੱਤਰ ..........................................................................................

(ਸ) ਬੁਰਸ਼ ਕਰਦਿਆਂ ਪਾਣੀ ਦੀ ਵਰਤੋਂ ਕਿਵੇਂ ਕਰਨੀ ਚਾਹੀਦੀ ਹੈ ?

ਉੱਤਰ ..........................................................................................

(ਹ) ਆਰ.ਓ. ਤੋਂ ਫਾਲਤੂ ਨਿਕਲ਼ਨ ਵਾਲ਼ੇ ਪਾਣੀ ਦਾ ਕੀ ਕਰਨਾ ਚਾਹੀਦਾ ਹੈ ?

ਉੱਤਰ ..........................................................................................

(ਕ) ਨਿੱਕੀ ਨੇ ਸ਼ਾਮ ਨੂੰ ਉੱਠ ਕੇ ਕੀ ਵੇਖਿਆ ?

ਉੱਤਰ ..........................................................................................

**3. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ੳ) ਧਰਤੀ ਹੇਠੋਂ .......................... ਘੱਟ ਰਿਹਾ ਹੈ। (ਪਾਣੀ, ਰੇਤਾ)

(ਅ) ਇਹ ਸਾਨੂੰ ਜ਼ਰੂਰ .......................... ਚਾਹੀਦਾ ਹੈ। (ਸੋਚਣਾ, ਪੜ੍ਹਨਾ)

(ੲ) ਨਿੱਕੀ ਨੇੜੇ ਹੀ .......................... ਹੋਈ ਸੀ। (ਖੜ੍ਹੀ, ਬੈਠੀ)

(ਸ) ਇਸ ਬਾਰੇ ਲੋਕ .......................... ਹੀ ਨਹੀਂ। (ਸੁਚੇਤ, ਜਾਣਦੇ)

(ਹ) ਨਿੱਕੀ ਨੇ ਟੂਟੀ ਚੰਗੀ ਤਰ੍ਹਾਂ ...................... ਕਰ ਦਿੱਤੀ। (ਖੋਲ੍ਹ, ਬੰਦ)

(ਕ) ਨਿੱਕੀ ...................... ਨਾਲ਼ ਭਰੀ ਹੋਈ ਸੀ। (ਉਤਸ਼ਾਹ, ਗੁੱਸੇ)

**4. ਪਾਠ ਅਨੁਸਾਰ ਸਹੀ ਵਾਕ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ। ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ :**

(ੳ) ਧਰਤੀ ਹੇਠੋਂ ਪਾਣੀ ਨਹੀਂ ਘੱਟ ਰਿਹਾ। ☐

(ਅ) ਸਾਨੂੰ ਪਾਣੀ ਬਚਾਉਣਾ ਚਾਹੀਦਾ ਹੈ। ☐

(ੲ) ਕਾਰ ਥੋੜ੍ਹੇ ਪਾਣੀ ਨਾਲ਼ ਵੀ ਸਾਫ਼ ਹੋ ਸਕਦੀ ਹੈ। ☐

(ਸ) ਬੁਰਸ਼ ਕਰਦਿਆਂ ਟੂਟੀ ਖੋਲ੍ਹ ਕੇ ਰੱਖਣੀ ਚਾਹੀਦੀ ਹੈ। ☐

(ਹ) ਪਾਣੀ ਖ਼ਤਮ ਹੋਣ ਦੀ ਸਾਰਿਆਂ ਨੂੰ ਚਿੰਤਾ ਕਰਨੀ ਚਾਹੀਦੀ ਹੈ। ☐

(ਕ) ਟੂਟੀਆਂ ਵਿੱਚੋਂ ਡਿਗਦੇ ਤੁਪਕਿਆਂ ਨਾਲ਼ ਪਾਣੀ ਨਹੀਂ ਘੱਟਦਾ। ☐

**5. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਅਜਾਈਂ | — | ਸਮੇਂ ਨੂੰ ਅਜਾਈਂ ਨਾ ਗੁਆਓ। (ਉਦਾਹਰਨ) |
| (ਅ) ਖ਼ਿਆਲ | — | ........................................................ |
| (ੲ) ਅਣਗਹਿਲੀ | — | ........................................................ |
| (ਸ) ਸਿੰਜ | — | ........................................................ |
| (ਹ) ਚਿੰਤਾ | — | ........................................................ |

**6. ਹੇਠਾਂ ਦਿੱਤਾ ਪੈਰਾ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਨਿੱਕੀ ਨੇੜੇ ਹੀ ਬੈਠੀ ਹੋਈ ਸੀ। ਉਹ ਮੰਮੀ, ਪਾਪਾ ਦੀਆਂ ਗੱਲਾਂ ਸੁਣ ਰਹੀ ਸੀ। ਉਸ ਨੇ ਸੋਚਿਆ, ਉਹਨੂੰ ਵੀ ਤਾਂ ਪਾਣੀ ਦੀ ਬਰਬਾਦੀ ਰੋਕਣ ਲਈ ਕੁਝ ਕਰਨਾ ਚਾਹੀਦਾ ਸੀ।

ਗਰਮੀਆਂ ਦੇ ਦਿਨ ਸਨ। ਕਮਰੇ ਵਿੱਚ ਏਅਰ-ਕੰਡੀਸ਼ਨਰ ਚੱਲ ਰਿਹਾ ਸੀ। ਬਾਹਰ ਤੁਪਕਾ-ਤੁਪਕਾ ਪਾਣੀ ਡਿਗ ਰਿਹਾ ਸੀ। ਉਹ ਪਾਣੀ ਵਗ ਕੇ ਬਾਹਰਲੇ ਗੇਟ ਤੱਕ ਪਹੁੰਚ ਚੁੱਕਿਆ ਸੀ।

ਨਿੱਕੀ ਨੇ ਪਹਿਲੋਂ ਵੀ ਇਸ ਤਰ੍ਹਾਂ ਤੁਪਕਾ-ਤੁਪਕਾ ਪਾਣੀ ਡਿਗਦਾ ਵੇਖਿਆ ਸੀ। ਅੱਜ ਉਸ ਨੂੰ ਪਤਾ ਸੀ ਇਸ ਪਾਣੀ ਨੂੰ ਕਿਸ ਤਰ੍ਹਾਂ ਬਚਾਉਣਾ ਹੈ। ਉਹਨੇ ਗੁਸਲਖ਼ਾਨੇ ਵਿੱਚੋਂ ਬਾਲ਼ਟੀ ਚੁੱਕੀ। ਉੱਥੋਂ ਤੁਰਨ ਵੇਲ਼ੇ ਉਸ ਵੇਖਿਆ, ਗੁਸਲਖ਼ਾਨੇ ਦੀ ਟੂਟੀ ਵਿੱਚੋਂ ਤਿੱਪ-ਤਿੱਪ ਪਾਣੀ ਡਿਗ ਰਿਹਾ ਸੀ।

ਨਿੱਕੀ ਨੇ ਟੂਟੀ ਚੰਗੀ ਤਰ੍ਹਾਂ ਬੰਦ ਕਰ ਦਿੱਤੀ। ਪਾਣੀ ਡਿਗਣਾ ਬੰਦ ਹੋ ਗਿਆ। ਬਾਲ਼ਟੀ ਲਿਆ ਕੇ ਉਹਨੇ ਏ.ਸੀ. ਦੇ ਡਿਗਦੇ ਪਾਣੀ ਹੇਠ ਰੱਖ ਦਿੱਤੀ।

(ੳ) ਨੇੜੇ ਹੀ ਕੌਣ ਬੈਠਾ ਹੋਇਆ ਸੀ ?

ਗੀਟਾ ☐ ਸਿੰਮੀ ☐ ਨਿੱਕੀ ☐ ਰਾਣੋ ☐

(ਅ) ਨਿੱਕੀ ਦੇ ਮੰਮੀ-ਪਾਪਾ ਕਿਸ ਬਾਰੇ ਗੱਲਾਂ ਕਰ ਰਹੇ ਸਨ ?

ਬਿਜਲੀ ਬਚਾਉਣ ਬਾਰੇ ☐ ਜੰਗਲ਼ ਬਚਾਉਣ ਬਾਰੇ ☐

ਪਾਣੀ ਬਚਾਉਣ ਬਾਰੇ ☐ ਧਰਤੀ ਬਚਾਉਣ ਬਾਰੇ ☐

(ੲ) ਏਅਰ-ਕੰਡੀਸ਼ਨਰ ਦਾ ਪਾਣੀ ਵਗ ਕੇ ਕਿੱਥੇ ਪਹੁੰਚ ਗਿਆ ਸੀ ?

ਕਮਰੇ ਤੱਕ ☐ ਗਲ਼ੀ ਤੱਕ ☐

ਬਾਹਰਲੇ ਗੇਟ ਤੱਕ ☐ ਬੈਠਕ ਤੱਕ ☐

(ਸ) ਨਿੱਕੀ ਨੇ ਗੁਸਲਖ਼ਾਨੇ ਵਿੱਚੋਂ ਕੀ ਚੁੱਕਿਆ ?

ਬਾਲਟੀ ☐ ਜੱਗ ☐ ਟੱਬ ☐ ਕੁਝ ਵੀ ਨਹੀਂ ☐

(ਹ) ਨਿੱਕੀ ਨੇ ਕੀ ਬੰਦ ਕਰ ਦਿੱਤੀ ?

ਪੱਖਾ ☐ ਏ.ਸੀ. ☐ ਟੂਟੀ ☐ ਗੈਸ ☐




## 1. ਸ਼ੁੱਧ ਕਰਕੇ ਲਿਖੋ :

(ੳ) ਮੇਹਨਤ ਮਿਹਨਤ

(ਅ) ਬੌਹਤ ..........................

(ੲ) ਸਨਤਰਾ ..........................

(ਸ) ਅੰਬ ..........................

(ਹ) ਮੱਜ ..........................

(ਕ) ਰੋਅਟੀ ..........................

(ਖ) ਜਾਨਾ ..........................

(ਗ) ਛੇਅਤੀ ..........................

## 2. ਹੇਠ ਲਿਖਿਆਂ ਦੇ ਸਮਾਨਾਰਥਕ ਸ਼ਬਦ ਲਿਖ ਕੇ ਵਾਕਾਂ ਵਿੱਚ ਵਰਤੋ :

(ੳ) ਚਲਾਕ – ਚੁਸਤ ਤੇਰਾ ਭਰਾ ਬਹੁਤ ਚੁਸਤ ਹੈ।

(ਅ) ਰੋਗੀ – .................. ..................................................................

(ੲ) ਸੂਰਬੀਰ – .................. ..................................................................

(ਸ) ਸਸਤਾ – .................. ..................................................................



## ਯੋਗਤਾ ਵਿਸਤਾਰ

- ‘ਪਾਣੀ ਬਚਾਓ, ਜੀਵਨ ਬਚਾਓ’ ਵਿਸ਼ੇ ਉੱਤੇ 5-6 ਸਤਰਾਂ ਲਿਖੋ।

..........................................................................................

..........................................................................................

..........................................................................................

..........................................................................................

..........................................................................................

..........................................................................................



## ਅਧਿਆਪਕ ਲਈ

- ਅਧਿਆਪਕ ਵਿਦਿਆਰਥੀਆਂ ਨੂੰ ਪਾਣੀ ਦੀ ਮਹੱਤਤਾ ਬਾਰੇ ਦੱਸ ਸਕਦੇ ਹਨ। ਉਹ ਵਿਦਿਆਰਥੀਆਂ ਨੂੰ ਉਦਾਹਰਨਾਂ ਸਹਿਤ ਇਹ ਵੀ ਦੱਸਣ ਕਿ ਪਾਣੀ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ।
- ਇਸ ਪਾਠ ਵਿੱਚ ਪਾਣੀ ਬਚਾਉਣ ਦੇ ਕਈ ਤਰੀਕੇ ਦੱਸੇ ਗਏ ਹਨ। ਅਧਿਆਪਕ ਬੱਚਿਆਂ ਨੂੰ ਪਾਣੀ ਬਚਾਉਣ ਦੇ ਹੋਰ ਤਰੀਕਿਆਂ ਬਾਰੇ ਜਾਣਕਾਰੀ ਦੇ ਸਕਦੇ ਹਨ।




# ਡੂੰਘੀਆਂ ਗੱਲਾਂ

## ਪਾਠ ਬਾਰੇ ਚਰਚਾ

- ਸਿੱਖ ਧਰਮ ਦੇ ਪਹਿਲੇ ਗੁਰੂ ਕੌਣ ਸਨ ?
- ਤੁਹਾਨੂੰ ਆਪਣੀ ਜਮਾਤ ਵਿੱਚੋਂ ਕਿਸ ਬੱਚੇ ਦਾ ਸੁਭਾਅ ਸਭ ਤੋਂ ਚੰਗਾ ਲੱਗਦਾ ਹੈ ਅਤੇ ਕਿਉਂ ?

ਸ੍ਰੀ ਗੁਰੂ ਨਾਨਕ ਦੇਵ ਜੀ ਚੱਲਦੇ-ਚੱਲਦੇ ਇੱਕ ਪਿੰਡ ਵਿੱਚ ਰੁਕੇ। ਉਹਨਾਂ ਦੇ ਨਾਲ਼ ਭਾਈ ਮਰਦਾਨਾ ਜੀ ਵੀ ਸਨ। ਸ਼ਾਮ ਹੋ ਗਈ ਸੀ। ਭਾਈ ਮਰਦਾਨਾ ਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਰਾਤ ਉਸ ਪਿੰਡ ਵਿੱਚ ਰਿਹਾ ਜਾਵੇ। ਭਾਈ ਮਰਦਾਨਾ ਜੀ ਨੂੰ ਭੁੱਖ ਲੱਗੀ ਹੋਈ ਸੀ। ਗੁਰੂ ਜੀ ਨੇ ਭਾਈ ਮਰਦਾਨਾ ਜੀ ਦੀ ਬੇਨਤੀ ਮੰਨ ਲਈ। ਉਹ ਉਸ ਪਿੰਡ ਵਿੱਚ ਠਹਿਰ ਗਏ।

ਉਸ ਪਿੰਡ ਦੇ ਲੋਕ ਰੁੱਖੇ ਸੁਭਾਅ ਦੇ ਸਨ। ਉਹ ਕਿਸੇ ਰਾਹੀ ਨੂੰ ਪਾਣੀ ਤੱਕ ਵੀ ਨਹੀਂ ਸਨ ਪੁੱਛਦੇ। ਕਿਸੇ ਰਾਹੀ ਨੇ ਰਾਤ ਕੱਟਣੀ ਹੁੰਦੀ ਤਾਂ ਮੰਜਾ ਬਿਸਤਰਾ ਨਹੀਂ ਸਨ ਦਿੰਦੇ, ਕਿਸੇ ਭੁੱਖੇ ਨੂੰ ਰੋਟੀ ਨਹੀਂ ਸਨ ਦਿੰਦੇ। ਉਹ ਤਾਂ ਸਗੋਂ ਇਹ ਕੋਸ਼ਸ਼ ਕਰਦੇ ਸਨ ਕਿ ਕੋਈ ਮੁਸਾਫ਼ਰ ਉਹਨਾਂ ਦੇ ਪਿੰਡ ਠਹਿਰੇ ਹੀ ਨਾ।

ਉਸ ਰਾਤ ਗੁਰੂ ਜੀ ਉਸ ਪਿੰਡ ਠਹਿਰ ਗਏ। ਕਿਸੇ ਨੇ ਉਹਨਾਂ ਨੂੰ ਨਾ ਪਾਣੀ ਪੁੱਛਿਆ ਤੇ ਨਾ ਹੀ ਰੋਟੀ। ਰਾਤ ਮੁੱਕੀ, ਅੰਮ੍ਰਿਤ ਵੇਲ਼ਾ ਹੋਇਆ। ਗੁਰੂ ਜੀ ਆਪਣੀ ਯਾਤਰਾ ਉੱਤੇ ਅੱਗੇ ਚੱਲ ਪਏ। ਭਾਈ ਮਰਦਾਨਾ ਜੀ ਵੀ ਉਹਨਾਂ ਦੇ ਨਾਲ਼ ਚੱਲ ਪਏ। ਗੁਰੂ ਜੀ ਨੇ ਪਿੰਡੋਂ ਤੁਰਦਿਆਂ ਆਖਿਆ—ਵੱਸਦੇ ਰਹੋ।

ਭਾਈ ਮਰਦਾਨਾ ਜੀ ਹੈਰਾਨ ਹੋਏ। ਪਿੰਡ ਵਾਲ਼ਿਆਂ ਨੇ ਉਹਨਾਂ ਨੂੰ ਪੁੱਛਿਆ ਤੱਕ ਨਹੀਂ ਫਿਰ ਵੀ ਗੁਰੂ ਜੀ ਉਹਨਾਂ ਨੂੰ ਵੱਸਦੇ ਰਹੋ ਦੀ ਅਸੀਸ ਦੇ ਰਹੇ ਹਨ। ਭਾਈ ਮਰਦਾਨਾ ਜੀ ਚੁੱਪ ਰਹੇ।

ਗੁਰੂ ਜੀ ਦੀ ਯਾਤਰਾ ਦਿਨ ਭਰ ਜਾਰੀ ਰਹੀ। ਰਾਤ ਪੈਣ ਉੱਤੇ ਉਹ ਨੇੜੇ ਦੇ ਪਿੰਡ ਠਹਿਰ ਗਏ। ਇਹ ਪਿੰਡ ਪਹਿਲੇ ਪਿੰਡ ਤੋਂ ਵੱਖਰਾ ਸੀ। ਪਿੰਡ ਵਾਲ਼ਿਆਂ ਨੂੰ ਚਾਅ ਚੜ੍ਹ ਗਿਆ। ਉਹਨਾਂ ਨੇ ਗੁਰੂ ਜੀ ਅਤੇ ਭਾਈ ਮਰਦਾਨਾ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਅਤੇ ਭਾਈ ਮਰਦਾਨਾ ਜੀ ਨੇ ਇੱਕ ਆਦਮੀ ਦੇ ਘਰ ਦਾ ਸਾਦਾ ਭੋਜਨ ਪਰਵਾਨ ਕੀਤਾ।

ਬੇਨਤੀ—ਪ੍ਰਾਰਥਨਾ (request)। ਅੰਮ੍ਰਿਤ ਵੇਲ਼ਾ—ਸਵੇਰੇ-ਸਵੇਰੇ (early morning)। ਯਾਤਰਾ—ਸਫ਼ਰ (journey)। ਸਾਦਾ—ਸਧਾਰਨ (simple)। ਪਰਵਾਨ—ਮਨਜ਼ੂਰ (accept)।

ਪਿੰਡ ਵਾਲ਼ੇ ਗੁਰੂ ਜੀ ਦੇ ਬਚਨ ਸੁਣਨ ਲਈ ਦੇਰ ਤੱਕ ਉਹਨਾਂ ਦੇ ਚਰਨਾਂ ਵਿੱਚ ਬੈਠੇ ਰਹੇ। ਪਿੰਡ ਵਾਲ਼ੇ ਮੁੜ-ਮੁੜ ਕਹਿਣ, "ਸਾਡੇ ਧੰਨ ਭਾਗ ਹਨ ਜੋ ਤੁਸੀਂ ਸਾਡੇ ਪਿੰਡ ਚਰਨ ਪਾਏ ਹਨ।"



ਪਹਿਲਾਂ ਵਾਂਗ ਹੀ ਗੁਰੂ ਜੀ ਅੰਮ੍ਰਿਤ ਵੇਲ਼ੇ ਅੱਗੇ ਜਾਣ ਲਈ ਤਿਆਰ ਹੋ ਗਏ। ਭਾਈ ਮਰਦਾਨਾ ਜੀ ਸੋਚ ਰਹੇ ਸਨ ਕਿ ਪਿੰਡ ਵਾਲ਼ਿਆਂ ਨੇ ਬਹੁਤ ਆਦਰ ਦਿੱਤਾ ਹੈ, ਵੱਧ ਤੋਂ ਵੱਧ ਸੇਵਾ ਕਰਨੀ ਚਾਹੀ ਹੈ। ਗੁਰੂ ਜੀ ਇਸ ਪਿੰਡ ਨੂੰ ਕੋਈ ਵੱਡੀ ਅਸੀਸ ਦੇਣਗੇ।

ਗੁਰੂ ਜੀ ਨੇ ਤੁਰਨ ਤੋਂ ਪਹਿਲਾਂ ਬਚਨ ਕੀਤਾ—ਉੱਜੜ ਜਾਵੋ।

ਭਾਈ ਮਰਦਾਨਾ ਜੀ ਬਹੁਤ ਹੈਰਾਨ ਹੋਏ। "ਹੈਂ, ਇਹ ਕੀ ?" ਜਿਹੜੇ ਪਿੰਡ ਵਾਸੀ ਇੰਨੇ ਰੁੱਖੇ ਸਨ ਗੁਰੂ ਜੀ ਨੇ ਉਹਨਾਂ ਨੂੰ ਅਸੀਸ ਦਿੱਤੀ ਹੈ। ਇਸ ਪਿੰਡ ਵਾਲ਼ੇ ਕਿੰਨੇ ਚੰਗੇ ਸਨ ਤੇ ਇਹਨਾਂ ਨੂੰ ਗੁਰੂ ਜੀ ਨੇ ਉੱਜੜ ਜਾਵੋ ਕਿਹਾ ਹੈ।

ਚਰਨਾਂ—ਪੈਰਾਂ (foots)।
ਆਦਰ—ਸਤਿਕਾਰ (respect)।
ਅਸੀਸ— ਅਸੀਰਵਾਦ (blessings)।
ਸੰਸਾਰ—ਦੁਨੀਆ (world)।
ਸੰਗ—ਸਾਥ (company)।

ਭਾਈ ਮਰਦਾਨਾ ਜੀ ਤੋਂ ਰਿਹਾ ਨਾ ਗਿਆ। ਅੰਤ ਨੂੰ ਉਹਨਾਂ ਨੇ ਪੁੱਛ ਹੀ ਲਿਆ। ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਸਮਝਾਇਆ ਕਿ ਚੰਗਿਆਂ ਦੀ ਸੰਸਾਰ ਨੂੰ ਬਹੁਤ ਲੋੜ ਹੈ। ਇਸ ਪਿੰਡ ਦੇ ਲੋਕ ਚੰਗੇ ਹਨ। ਇਹ ਇੱਥੋਂ ਉੱਠ ਕੇ ਦੂਰ-ਦੂਰ ਤੱਕ ਫੈਲਣ ਇਹੋ ਜਿਹਿਆਂ ਦੀ ਹਰ ਥਾਂ ਲੋੜ ਹੈ। ਜਿਹੜੇ ਰੁੱਖੇ ਹਨ, ਉਹ ਉੱਥੇ ਹੀ ਟਿਕੇ ਰਹਿਣ।

ਭਾਈ ਮਰਦਾਨਾ ਜੀ ਪ੍ਰਸੰਨ ਹੋ ਗਏ। ਉਹਨਾਂ ਨੇ ਕਿਹਾ, "ਗੁਰੂ ਜੀ ਧੰਨ ਹੋ ਤੁਸੀਂ। ਇਹ ਡੂੰਘੀਆਂ ਗੱਲਾਂ ਮੈਨੂੰ ਛੇਤੀ ਸਮਝ ਨਹੀਂ ਆਉਂਦੀਆਂ। ਤੁਸੀਂ ਸਮਝਾ ਦਿੱਤਾ ਹੈ, ਤੁਹਾਡੀ ਬਹੁਤ ਕਿਰਪਾ ਹੋਈ ਹੈ।" ਇਸ ਪਿੱਛੋਂ ਗੁਰੂ ਜੀ ਅੱਗੇ ਚੱਲ ਪਏ। ਭਾਈ ਮਰਦਾਨਾ ਜੀ ਵੀ ਉਹਨਾਂ ਦੇ ਸੰਗ ਤੁਰਦੇ ਗਏ।



# ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ਼ ਕੌਣ ਜਾ ਰਿਹਾ ਸੀ ?

ਭਾਈ ਮਰਦਾਨਾ ਜੀ ☐ ਭਾਈ ਬਾਲਾ ਜੀ ☐ ਲੋਕ ☐ ਕਿਸਾਨ ☐

(ਅ) ਪਹਿਲੇ ਪਿੰਡ ਵਾਲ਼ੇ ਲੋਕ ਕਿਹੋ ਜਿਹੇ ਸਨ ?

ਅਮੀਰ ☐ ਗ਼ਰੀਬ ☐ ਰੁੱਖੇ ☐ ਦੁਖੀ ☐

(ੲ) ਗੁਰੂ ਜੀ ਨੂੰ ਵੇਖ ਕੇ ਦੂਜੇ ਪਿੰਡ ਵਾਲ਼ਿਆਂ ਨੂੰ ਕੀ ਚੜ੍ਹ ਗਿਆ ?

ਬੁਖ਼ਾਰ ☐ ਗੁੱਸਾ ☐ ਚਾਅ ☐ ਜੋਸ਼ ☐

(ਸ) ਦੂਜੇ ਪਿੰਡ ਵਾਲ਼ੇ ਗੁਰੂ ਜੀ ਦੇ ਬਚਨ ਸੁਣਨ ਲਈ ਕਿੱਥੇ ਬੈਠੇ ਰਹੇ ?

ਮੰਜੀ ਉੱਪਰ ☐ ਕੁਰਸੀ ਉੱਪਰ ☐ ਨਾਲ਼ ☐ ਚਰਨਾਂ ਵਿੱਚ ☐

(ਹ) ਚੰਗੇ ਲੋਕਾਂ ਦੀ ਕਿੱਥੇ-ਕਿੱਥੇ ਲੋੜ ਹੈ ?

ਪਿੰਡ ਵਿੱਚ ☐ ਘਰ ਵਿੱਚ ☐ ਸ਼ਹਿਰ ਵਿੱਚ ☐ ਹਰ ਥਾਂ ☐

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਸ੍ਰੀ ਗੁਰੂ ਨਾਨਕ ਦੇਵ ਜੀ ਚਲਦੇ-ਚਲਦੇ ਕਿੱਥੇ ਰੁਕੇ ?

ਉੱਤਰ ........................................................................................................

(ਅ) ਪਹਿਲੇ ਪਿੰਡ ਦੇ ਲੋਕ ਕਿਹੋ-ਜਿਹੇ ਸੁਭਾਅ ਦੇ ਸਨ ?

ਉੱਤਰ ........................................................................................................

(ੲ) ਪਹਿਲੇ ਪਿੰਡ ਵਾਲ਼ਿਆਂ ਨੂੰ ਗੁਰੂ ਜੀ ਨੇ ਕੀ ਅਸੀਸ ਦਿੱਤੀ ?

ਉੱਤਰ ........................................................................................................

(ਸ) ਦੂਜੇ ਪਿੰਡ ਵਾਲ਼ਿਆਂ ਨੂੰ ਗੁਰੂ ਜੀ ਨੇ ਕੀ ਅਸੀਸ ਦਿੱਤੀ ?

ਉੱਤਰ ........................................................................................................

(ਹ) ਕਿਨ੍ਹਾਂ ਦੀ ਸੰਸਾਰ ਨੂੰ ਬਹੁਤ ਲੋੜ ਹੈ ?

ਉੱਤਰ ..............................................................................................................

**3. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ੳ) ਗੁਰੂ ਜੀ ਨੇ ਭਾਈ ਮਰਦਾਨਾ ਜੀ ਦੀ ...................... ਮੰਨ ਲਈ। (ਬੇਨਤੀ, ਸਲਾਹ)

(ਅ) ਉਹ ਕਿਸੇ ਰਾਹੀ ਨੂੰ ...................... ਤੱਕ ਨਹੀਂ ਪੁੱਛਦੇ ਸਨ। (ਪਾਣੀ, ਚਾਹ)

(ੲ) ਭਾਈ ਮਰਦਾਨਾ ਜੀ ਬਹੁਤ ...................... ਹੋਏ। (ਹੈਰਾਨ, ਗੁੱਸੇ)

(ਸ) ਗੁਰੂ ਜੀ ਦੀ ਯਾਤਰਾ ...................... ਭਰ ਜਾਰੀ ਰਹੀ। (ਰਾਤ, ਦਿਨ)

(ਹ) ਗੁਰੂ ਜੀ ਨੇ ...................... ਭੋਜਨ ਪਰਵਾਨ ਕੀਤਾ। (ਸਾਦਾ, ਤਾਜ਼ਾ)

**4. ਪਾਠ ਅਨੁਸਾਰ ਸਹੀ ਵਾਕ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ। ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ :**

(ੳ) ਭਾਈ ਮਰਦਾਨਾ ਜੀ ਨੂੰ ਭੁੱਖ ਲੱਗੀ ਸੀ। ☐

(ਅ) ਪਹਿਲੇ ਪਿੰਡ ਦੇ ਲੋਕ ਬਹੁਤ ਚੰਗੇ ਸਨ। ☐

(ੲ) ਸ਼ਾਮ ਨੂੰ ਗੁਰੂ ਜੀ ਅਗਲੀ ਯਾਤਰਾ ਲਈ ਚੱਲ ਪਏ। ☐

(ਸ) ਦੂਜੇ ਪਿੰਡ ਵਾਲ਼ਿਆਂ ਨੂੰ ਗੁਰੂ ਜੀ ਨੇ ਉੱਜੜ ਜਾਣ ਦਾ ਵਰ ਦਿੱਤਾ। ☐

(ਹ) ਭਾਈ ਮਰਦਾਨਾ ਜੀ ਨੇ ਕਿਹਾ, "ਗੁਰੂ ਜੀ ਤੁਸੀਂ ਧੰਨ ਹੋ।" ☐

**5. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਮੰਜਾ | — | ਮੈਂ ਮੰਜੇ 'ਤੇ ਬੈਠੀ ਹਾਂ। (ਉਦਾਹਰਨ) |
| (ਅ) ਬਿਸਤਰਾ | — | .......................................................................... |
| (ੲ) ਅਸੀਸ | — | .......................................................................... |
| (ਸ) ਯਾਤਰਾ | — | .......................................................................... |
| (ਹ) ਚਾਅ | — | .......................................................................... |
| (ਕ) ਹੈਰਾਨ | — | .......................................................................... |

**6. ਹੇਠਾਂ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਭਾਈ ਮਰਦਾਨਾ ਜੀ ਹੈਰਾਨ ਹੋਏ। ਪਿੰਡ ਵਾਲ਼ਿਆਂ ਨੇ ਉਹਨਾਂ ਨੂੰ ਪੁੱਛਿਆ ਤੱਕ ਨਹੀਂ। ਫਿਰ ਵੀ ਗੁਰੂ ਜੀ ਉਹਨਾਂ ਨੂੰ ਵੱਸਦੇ ਰਹੋ ਦੀ ਅਸੀਸ ਦੇ ਰਹੇ ਹਨ। ਭਾਈ ਮਰਦਾਨਾ ਜੀ ਚੁੱਪ ਰਹੇ। ਗੁਰੂ ਜੀ ਦੀ ਯਾਤਰਾ ਦਿਨ ਭਰ ਜਾਰੀ ਰਹੀ। ਰਾਤ ਪੈਣ ਉੱਤੇ ਉਹ ਨੇੜੇ ਦੇ ਪਿੰਡ ਠਹਿਰ ਗਏ। ਇਹ ਪਿੰਡ ਪਹਿਲੇ ਪਿੰਡ ਤੋਂ ਵੱਖਰਾ ਸੀ। ਪਿੰਡ ਵਾਲ਼ਿਆਂ ਨੂੰ ਚਾਅ ਚੜ੍ਹ ਗਿਆ। ਉਹਨਾਂ ਨੇ ਗੁਰੂ ਜੀ ਅਤੇ ਭਾਈ ਮਰਦਾਨਾ ਜੀ ਦੀ ਬਹੁਤ ਸੇਵਾ ਕਰਨੀ ਚਾਹੀ। ਗੁਰੂ ਜੀ ਅਤੇ ਭਾਈ ਮਰਦਾਨਾ ਜੀ ਨੇ ਇੱਕ ਆਦਮੀ ਦੇ ਘਰ ਦਾ ਸਾਦਾ ਭੋਜਨ ਪਰਵਾਨ ਕੀਤਾ।

(ੳ) ਕੌਣ ਹੈਰਾਨ ਹੋਏ ?

ਪਿੰਡ ਵਾਸੀ ☐ ਭਾਈ ਮਰਦਾਨਾ ਜੀ ☐ ਲੋਕ ☐ ਕੋਈ ਨਹੀਂ ☐

(ਅ) ਗੁਰੂ ਜੀ ਨੇ ਪਿੰਡ ਵਾਲ਼ਿਆਂ ਨੂੰ ਕਿਹੜੀ ਅਸੀਸ ਦਿੱਤੀ ?

ਵੱਸਦੇ ਰਹੋ ☐ ਉੱਜੜ ਜਾਓ ☐ ਵਧੋ ਫੁੱਲੋ ☐ ਵੱਡੀ ਉਮਰ ਭੋਗੋ ☐

(ੲ) ਕੌਣ ਚੁੱਪ ਰਹੇ ?

ਗੁਰੂ ਜੀ ☐ ਲੋਕ ☐

ਭਾਈ ਮਰਦਾਨਾ ਜੀ ☐ ਸਾਰੇ ਲੋਕ ☐

(ਸ) ਕਿਨ੍ਹਾਂ ਨੂੰ ਚਾਅ ਚੜ੍ਹ ਗਿਆ ?

ਪਿੰਡ ਵਾਲ਼ਿਆਂ ਨੂੰ ☐ ਸ਼ਹਿਰ ਵਾਲ਼ਿਆਂ ਨੂੰ ☐

ਭਾਈ ਮਰਦਾਨਾ ਜੀ ਨੂੰ ☐ ਉਪਰੋਕਤ ਸਾਰਿਆਂ ਨੂੰ ☐

(ਹ) ਗੁਰੂ ਜੀ ਨੇ ਕਿਹੜਾ ਭੋਜਨ ਸਵੀਕਾਰ ਕੀਤਾ ?

ਗਰਮ ☐ ਸਾਦਾ ☐ ਮਿੱਠਾ ☐ ਪੌਸ਼ਟਿਕ ☐




**1. ਸਹੀ ਵਿਰੋਧੀ ਸ਼ਬਦਾਂ 'ਤੇ (✓) ਲਗਾਓ :**

(ੳ) ਸ਼ਾਮ — ਸਵੇਰ ☐ (ਅ) ਸ਼ਾਮ— ਰਾਤ ☐

(ੲ) ਰੁੱਖੇ — ਸੁਭਾਅ ☐ (ਸ) ਦਿਨ — ਰਾਤ ☐

(ਹ) ਠਹਿਰ — ਚੱਲ ☐ (ਕ) ਮੰਜਾ — ਬਿਸਤਰਾ ☐

(ਖ) ਭਲੇ — ਬੁਰੇ ☐ (ਗ) ਵੱਸਦੇ — ਉੱਜੜੇ ☐

**2. ਦਿੱਤੀਆਂ ਤਸਵੀਰਾਂ ਵੇਖ ਕੇ ਉਹਨਾਂ ਦੀ ਨਾਵਾਂ ਦੀ ਕਿਸਮ ਨਾਲ਼ ਮਿਲ਼ਾਓ :**

(ੳ) ਆਮ ਨਾਂਵ



(ਅ) ਇਕੱਠ ਵਾਚਕ ਨਾਂਵ



(ੲ) ਵਸਤੂ ਵਾਚਕ ਨਾਂਵ






- ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਸੁੰਦਰ ਲਿਖਾਈ ਵਿੱਚ ਚਾਰਟ ਉੱਪਰ ਲਿਖੋ।
- ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਮੂਲ ਮੰਤਰ ਯਾਦ ਕਰੋ ਅਤੇ ਉਸ ਦੇ ਅਰਥ ਅਧਿਆਪਕ ਪਾਸੋਂ ਪਤਾ ਕਰੋ।




- ਅਧਿਆਪਕ ਸਾਹਿਬਾਨ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ਼ ਸੰਬੰਧਿਤ ਹੋਰ ਸਾਖੀਆਂ ਸੁਣਾਉਣ ਅਤੇ ਉਹਨਾਂ ਦੀਆਂ ਸਿੱਖਿਆਵਾਂ ਉੱਪਰ ਚੱਲਣ ਲਈ ਪ੍ਰੇਰਨ।




# ਬਲੂੰਗੜੇ

## ਪਾਠ ਬਾਰੇ ਚਰਚਾ


- ਕੀ ਤੁਹਾਡੇ ਘਰ ਦੇ ਆਸ-ਪਾਸ ਬਿੱਲੀ ਰਹਿੰਦੀ ਹੈ ?
- ਕੀ ਤੁਸੀਂ ਕਦੇ ਬਿੱਲੀ ਦੇ ਬਲੂੰਗੜਿਆਂ ਨਾਲ਼ ਖੇਡੇ ਹੋ ?

ਸਾਡੇ ਵਿਹੜੇ ਵਿੱਚ ਦਿੱਤੇ ਬਿੱਲੀ ਨੇ ਬਲੂੰਗੜੇ
ਨਿੱਕੇ-ਨਿੱਕੇ ਸੋਹਣੇ-ਸੋਹਣੇ ਲਾਡਲੇ ਸ਼ਤੂੰਗੜੇ।

ਜਾਲ਼ੀ ਵਾਲ਼ੇ ਬੂਹੇ ਵਿੱਚੋਂ ਏਸ ਤਰ੍ਹਾਂ ਝਾਕਦੇ
ਅੱਖਾਂ-ਅੱਖਾਂ ਵਿੱਚ ਜਿਵੇਂ ਹੋਣ ਸਾਨੂੰ ਆਖਦੇ
ਬਾਹਰ ਮਹਿਮਾਨ ਖੜ੍ਹੇ ਠੰਢ ਨਾਲ਼ ਕੂੰਗੜੇ।

ਮਿਆਉਂ-ਮਿਆਉਂ ਕਹਿ ਕੇ ਬਿੱਲੀ ਰੋਅਬ ਨਾਲ਼ ਬੋਲਦੀ
ਘਰ ਦੀਏ ਸੁਆਣੀਏਂ ਤੂੰ ਬੂਹਾ ਕਿਉਂ ਨਈਂ ਖੋਲ੍ਹਦੀ
ਮੈਂ ਵੀ ਕੁੜੇ ਪਾਲਣੇ ਨੇ ਆਪਣੇ ਭਤੂੰਗੜੇ।

**ਬਲੂੰਗੜੇ**—ਬਿੱਲੀ ਦੇ ਬੱਚੇ (kitten)। **ਲਾਡਲੇ**—ਪਿਆਰੇ (loveable)। **ਮਹਿਮਾਨ**—ਪ੍ਰਾਹੁਣੇ (guest)। **ਸੁਆਣੀ**—ਔਰਤ (woman)।




ਬੀਬੇ ਜਿਹੇ ਮੁਖ ਦੇਖੋ ਕੰਨ ਕਿੱਦਾਂ ਖੜ੍ਹੇ ਨੇ
ਅੱਖੀਆਂ ਕਿ ਰੱਬ ਨੇ ਬਲੌਰ ਜਿਵੇਂ ਜੜੇ ਨੇ
ਮੋਤੀ ਨੇ ਕਿ ਗੀਟੇ ਕਿ ਨੇ ਤਾਰੇ ਨੇ ਕਿ ਚੂੰਗੜੇ।

ਰੱਖ ਆਈ ਮੰਮੀ ਰੋਟੀ ਦੁੱਧ ਵਿੱਚ ਭੋਰ ਕੇ
ਕਰ ਗਏ ਚਟਮ ਸਾਰਾ ਮੂੰਹ ਜੋੜ-ਜੋੜ ਕੇ
ਬਿੱਲੀ ਕਹਿੰਦੀ ਜਿਊਂਦੇ ਰਹਿਣ ਤੇਰੇ ਨੀ ਬਚੂੰਗੜੇ।

ਬੁੱਲ੍ਹਾਂ ਉੱਤੇ ਜੀਭ ਫੇਰ ਹੋ ਗਏ ਨੇ ਸੁਰਖਰੂ
ਅੱਖਾਂ-ਅੱਖਾਂ ਨਾਲ਼ ਸਾਨੂੰ ਆਖਦੇ ਨੇ ਥੈਂਕ ਯੂ
ਦੂਜੇ ਡੰਗ ਦਾ ਵੀ ਪ੍ਰਬੰਧ ਰੱਖੀਂ ਤੂੰ ਕੁੜੇ।
ਨਿੱਕੇ-ਨਿੱਕੇ ਸੋਹਣੇ-ਸੋਹਣੇ ਲਾਡਲੇ ਬਲੂੰਗੜੇ।



**ਮੁਖ**—ਚਿਹਰਾ (face)। **ਬਲੌਰ**—ਪਾਰਦਰਸ਼ੀ ਸ਼ੀਸ਼ਾ (crystal glass)। **ਚੂੰਗੜੇ**—ਦੀਵੇ (earthen lamp)। **ਚਟਮ**—ਖ਼ਤਮ (finish)। **ਸੁਰਖਰੂ**—ਵਿਹਲੇ (free)। **ਡੰਗ**—ਵੇਲ਼ਾ (time)।





## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਬਲੂੰਗੜੇ ਕਿਸ ਨਾਲ਼ ਕੂੰਗੜੇ ਖੜ੍ਹੇ ਸਨ ?

ਠੰਢ ਨਾਲ਼ ☐ ਗਰਮੀ ਨਾਲ਼ ☐ ਮੀਂਹ ਨਾਲ਼ ☐ ਬਰਫ਼ ਨਾਲ਼ ☐

(ਅ) ਰੋਅਬ ਨਾਲ਼ ਕੌਣ ਬੋਲ ਰਹੀ ਸੀ ?

ਸੁਆਣੀ ☐ ਬਿੱਲੀ ☐ ਕੁੜੀ ☐ ਬਲੂੰਗੜੀ ☐

(ੲ) ਬਲੂੰਗੜਿਆਂ ਦੀਆਂ ਅੱਖਾਂ ਕਿਸ ਵਰਗੀਆਂ ਸਨ ?

ਸੋਨੇ ☐ ਚਾਂਦੀ ☐ ਲੋਹੇ ☐ ਬਲੌਰ ☐

(ਸ) ਦੁੱਧ ਵਿੱਚ ਰੋਟੀ ਭੋਰ ਕੇ ਕੌਣ ਲਿਆਇਆ ?

ਬਿੱਲੀ ☐ ਮੰਮੀ ☐ ਡੈਡੀ ☐ ਦਾਦੀ ☐

(ਹ) ਬਿੱਲੀ ਨੇ ਕਿਹੜੇ ਡੰਗ ਦਾ ਪ੍ਰਬੰਧ ਕਰਕੇ ਰੱਖਣ ਨੂੰ ਕਿਹਾ ?

ਪਹਿਲੇ ☐ ਦੂਜੇ ☐ ਤੀਜੇ ☐ ਚੌਥੇ ☐

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਬਿੱਲੀ ਨੇ ਬਲੂੰਗੜੇ ਕਿੱਥੇ ਦਿੱਤੇ ?

ਉੱਤਰ ..........................................................................................

(ਅ) ਬਾਹਰ ਕਿਹੜੇ ਮਹਿਮਾਨ ਖੜ੍ਹੇ ਸਨ ?

ਉੱਤਰ ..........................................................................................

(ੲ) ਬਲੂੰਗੜਿਆਂ ਦੇ ਮੁਖ ਕਿਹੋ ਜਿਹੇ ਸਨ ?

ਉੱਤਰ ..........................................................................................

(ਸ) ਮੰਮੀ ਦੁੱਧ ਵਿੱਚ ਕੀ ਭੋਰ ਕੇ ਲਿਆਈ ?

ਉੱਤਰ ..................................................................................................

(ਹ) ਬਲੂੰਗੜਿਆਂ ਨੇ ਕਿਸ ਦਾ ਧੰਨਵਾਦ ਕੀਤਾ ?

ਉੱਤਰ ..................................................................................................

**3. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ੳ) ਸੋਹਣੇ-ਸੋਹਣੇ ...................... ਸ਼ਤੂੰਗੜੇ। (ਲਾਡਲੇ, ਬੱਚੇ)

(ਅ) ਬਾਹਰ ...................... ਖੜ੍ਹੇ ਠੰਢ ਨਾਲ਼ ਕੂੰਗੜੇ। (ਮਹਿਮਾਨ, ਦੋਸਤ)

(ੲ) ਅੱਖੀਆਂ ਕਿ ...................... ਨੇ ਬਲੌਰ ਜਿਵੇਂ ਜੜੇ ਨੇ। (ਤਾਰੇ, ਰੱਬ)

(ਸ) ਕਰ ਗਏ ਚਟਮ ਸਾਰਾ ...................... ਜੋੜ-ਜੋੜ ਕੇ। (ਮੂੰਹ, ਸਿਰ)

(ਹ) ਦੂਜੇ ਡੰਗ ਦਾ ਵੀ ਪ੍ਰਬੰਧ ਰੱਖੀਂ ਤੂੰ ......................। (ਕੁੜੇ, ਬੀਬੀ)

**4. ਪਾਠ ਅਨੁਸਾਰ ਸਹੀ ਵਾਕ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ। ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ :**

(ੳ) ਬਿੱਲੀ ਨੇ ਕਤੂਰੇ ਦਿੱਤੇ। ☐

(ਅ) ਬਿੱਲੀ ਮਿਆਉਂ-ਮਿਆਉਂ ਕਰਕੇ ਤਰਲੇ ਕਰ ਰਹੀ ਸੀ। ☐

(ੲ) ਬਲੂੰਗੜਿਆਂ ਦੀਆਂ ਅੱਖਾਂ ਬਲੌਰਾਂ ਵਰਗੀਆਂ ਸਨ। ☐

(ਸ) ਮੰਮੀ ਦੁੱਧ ਵਿੱਚ ਬਿਸਕੁਟ ਪਾ ਕੇ ਰੱਖ ਆਈ। ☐

(ਹ) ਬਲੂੰਗੜੇ ਬੁੱਲਾਂ 'ਤੇ ਜੀਭ ਫੇਰ ਸੁਰਖ਼ਰੂ ਹੋ ਗਏ। ☐

**5. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| | ਸ਼ਬਦ | ਵਾਕ |
|---|---|---|
| (ੳ) | ਵਿਹੜਾ | ਵਿਹੜੇ ਵਿੱਚ ਛੋਟੇ ਬੱਚੇ ਖੇਡ ਰਹੇ ਹਨ। (ਉਦਾਹਰਨ) |
| (ਅ) | ਜਾਲ਼ੀ | .................................................................. |
| (ੲ) | ਬੀਬੇ | .................................................................. |

(ਸ) ਤਾਰੇ ..............................................................................

(ਹ) ਗੀਟੇ ..............................................................................

(ਕ) ਜੀਭ ..............................................................................

**6. ਹੇਠਾਂ ਦਿੱਤੀਆਂ ਕਾਵਿ-ਸਤਰਾਂ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਜਾਲ਼ੀ ਵਾਲ਼ੇ ਬੂਹੇ ਵਿੱਚੋਂ ਏਸ ਤਰ੍ਹਾਂ ਝਾਕਦੇ
ਅੱਖਾਂ-ਅੱਖਾਂ ਵਿੱਚ ਜਿਵੇਂ ਹੋਣ ਸਾਨੂੰ ਆਖਦੇ
ਬਾਹਰ ਮਹਿਮਾਨ ਖੜ੍ਹੇ ਠੰਢ ਨਾਲ਼ ਕੁੰਗੜੇ।
ਮਿਆਉਂ-ਮਿਆਉਂ ਕਹਿ ਕੇ ਬਿੱਲੀ ਰੋਅਬ ਨਾਲ਼ ਬੋਲਦੀ
ਘਰ ਦੀਏ ਸੁਆਣੀਏਂ ਤੂੰ ਬੂਹਾ ਕਿਉਂ ਨਈਂ ਖੋਲ੍ਹਦੀ
ਮੈਂ ਵੀ ਕੁੜੇ ਪਾਲਣੇ ਨੇ ਆਪਣੇ ਭਝੂੰਗੜੇ
ਬੀਬੇ ਜਿਹੇ ਮੁਖ ਦੇਖੋ ਕੰਨ ਕਿੱਦਾਂ ਖੜ੍ਹੇ ਨੇ
ਅੱਖੀਆਂ ਕਿ ਰੱਬ ਨੇ ਬਲੌਰ ਜਿਵੇਂ ਜੜੇ ਨੇ
ਮੋਤੀ ਨੇ ਕਿ ਗੀਟੇ ਕਿ ਨੇ ਤਾਰੇ ਨੇ ਕਿ ਚੂੰਗੜੇ।

(ੳ) ਬਲੂੰਗੜੇ ਕਿਹੜੇ ਬੂਹੇ ਵਿੱਚੋਂ ਝਾਕ ਰਹੇ ਸਨ ?

ਲੱਕੜ ਵਾਲ਼ੇ ☐ ਲੋਹੇ ਵਾਲ਼ੇ ☐ ਜਾਲ਼ੀ ਵਾਲ਼ੇ ☐ ਸ਼ੀਸ਼ੇ ਵਾਲ਼ੇ ☐

(ਅ) ਬਾਹਰ ਠੰਢ ਵਿੱਚ ਕੌਣ ਖੜ੍ਹੇ ਸਨ ?

ਮਹਿਮਾਨ ☐ ਕੁੱਤੇ ☐ ਲੋਕ ☐ ਮੰਗਤੇ ☐

(ੲ) ਘਰ ਦੀ ਸੁਆਣੀ ਕੀ ਨਹੀਂ ਖੋਲ੍ਹ ਰਹੀ ਸੀ ?

ਬਾਰੀ ☐ ਦਰਵਾਜ਼ਾ ☐ ਫਰਿੱਜ ☐ ਅਲਮਾਰੀ ☐

(ਸ) ਬਲੂੰਗੜਿਆਂ ਦੇ ਕੰਨ ਕਿਵੇਂ ਸਨ ?

ਲਟਕੇ ☐ ਮੁੜੇ ☐ ਖੜ੍ਹੇ ☐ ਟੇਢੇ ☐

(ਹ) ਬਲੂੰਗੜਿਆਂ ਦੀਆਂ ਅੱਖਾਂ ਕਿਹੋ ਜਿਹੀਆਂ ਸਨ ?

ਕਾਲ਼ੀਆਂ ☐ ਹਰੀਆਂ ☐ ਭੂਰੀਆਂ ☐ ਬਲੌਰੀ ☐




**1. ਬਲੂੰਗੜੇ ਨਾਲ਼ ਮਿਲ਼ਦੀ ਲੈਅ ਵਾਲ਼ੇ ਸ਼ਬਦ ਚੁਣ ਕੇ ਲਿਖੋ :**

ਜਿਵੇਂ ਕਿ : ਬਲੂੰਗੜੇ, ਸ਼ਤੂੰਗੜੇ, ................ ................ ................ ................

**2. ਹੇਠਾਂ ਦਿੱਤੇ ਦੇਸੀ ਸ਼ਬਦਾਂ ਦੇ ਅਰਥ ਦੱਸੋ :**

(ੳ) ਕੁੰਗੜੇ — ਠੰਢ ਨਾਲ ਸੁੰਗੜੇ

(ਅ) ਕੁੜੇ — ..........................

(ੲ) ਬੀਬੇ — ..........................

(ਸ) ਬਲੌਰ — ..........................

(ਹ) ਚੂੰਗੜੇ — ..........................

(ਕ) ਬਚੂੰਗੜੇ — ..........................




✤ ਕੋਈ ਪੰਜ ਪਾਲਤੂ ਜਾਨਵਰਾਂ ਦੇ ਨਾਂ ਲਿਖੋ। ਆਪਣੇ ਮਨਪਸੰਦ ਪਾਲਤੂ ਜਾਨਵਰ ਬਾਰੇ ਕੁਝ ਸਤਰਾਂ ਲਿਖੋ।

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

- ਬਿੱਲੀ ਅਤੇ ਬਲੂੰਗੜਿਆਂ ਦੇ ਚਿੱਤਰ ਜੋੜ ਕੇ ਇੱਕ  ਪੋਸਟਰ ਬਣਾਓ।

## ਅਧਿਆਪਕ ਲਈ

- ਅਧਿਆਪਕ ਸਾਹਿਬਾਨ ਵਿਦਿਆਰਥੀਆਂ ਨੂੰ ਬਿੱਲੀ ਨਾਲ਼ ਜੁੜੇ ਚੰਗੇ-ਮਾੜੇ ਵਹਿਮਾਂ-ਭਰਮਾਂ ਬਾਰੇ ਦੱਸ ਕੇ ਉਹਨਾਂ ਦੀ ਵਿਗਿਆਨਿਕ ਸੋਚ ਨੂੰ ਵਧਾ ਸਕਦੇ ਹਨ।




# ਬਾਲ ਬਹਾਦਰੀ ਪੁਰਸਕਾਰ

## ਪਾਠ ਬਾਰੇ ਚਰਚਾ

- ‘ਗਣਤੰਤਰ ਦਿਵਸ’ ਤੋਂ ਕੀ ਭਾਵ ਹੈ ?
- ਕੀ ਤੁਸੀਂ ਕਦੇ ਕੋਈ ਪੁਰਸਕਾਰ ਜਿੱਤਿਆ ਹੈ ?
- ਕੀ ਤੁਹਾਡੇ ਸਕੂਲ ਵਿੱਚ ਵੀ ‘ਗਣਤੰਤਰ ਦਿਵਸ’ ਮਨਾਇਆ ਜਾਂਦਾ ਹੈ ?

ਦਿੱਲੀ ਵਿੱਚ ਹਰ ਸਾਲ 26 ਜਨਵਰੀ ਨੂੰ ਗਣਤੰਤਰ ਦਿਵਸ ਦੇ ਮੌਕੇ ’ਤੇ ਇੱਕ ਵਿਸ਼ਾਲ ਪਰੇਡ ਕੱਢੀ ਜਾਂਦੀ ਹੈ। ਇਸ ਪਰੇਡ ਵਿੱਚ ਨਿੱਕੇ-ਨਿੱਕੇ ਬੱਚੇ ਵੀ ਸ਼ਾਮਲ ਹੁੰਦੇ ਹਨ। ਇਹ ਉਹ ਬੱਚੇ ਹੁੰਦੇ ਹਨ, ਜਿਨ੍ਹਾਂ ਨੂੰ ਦੇਸ਼ ਭਰ ਵਿੱਚੋਂ ਬਹਾਦਰੀ ਦੇ ਇਨਾਮ ਦੇਣ ਲਈ ਚੁਣਿਆ ਗਿਆ ਹੁੰਦਾ ਹੈ।

ਛੋਟੇ-ਛੋਟੇ ਬੱਚਿਆਂ ਨੂੰ ਬਹਾਦਰੀ ਦੇ ਵੱਡੇ-ਵੱਡੇ ਇਨਾਮ ਦੇਣ ਦੀ ਪ੍ਰਥਾ ਜਿਸ ਬੱਚੇ ਤੋਂ ਸ਼ੁਰੂ ਹੋਈ ਉਸ ਦਾ ਨਾਂ ਹੈ, ‘ਹਰੀਸ਼ ਚੰਦਰ ਮਹਿਰਾ।’

ਇਹ 2 ਅਕਤੂਬਰ, ਸੰਨ 1957 ਦੀ ਗੱਲ ਹੈ। ਉਸ ਵੇਲ਼ੇ ਦੇ ਦੇਸ਼ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਰਾਮ-ਲੀਲ੍ਹਾ ਵੇਖਣ ਲਈ ਮੈਦਾਨ ਵਿੱਚ ਪਧਾਰੇ ਹੋਏ ਸਨ। ਉਹਨਾਂ ਦੇ ਨਾਲ਼ ਕਈ ਹੋਰ ਮੰਤਰੀ ਅਤੇ ਵੱਖ-ਵੱਖ ਮਹਿਕਮਿਆਂ ਦੇ ਵੱਡੇ ਅਫ਼ਸਰ ਵੀ ਸਨ। ਜਿਸ ਪੰਡਾਲ ਵਿੱਚ ਪੰਡਤ ਨਹਿਰੂ ਜੀ ਬੈਠੇ ਹੋਏ ਸਨ, ਉੱਥੇ ਇੱਕ ਬਾਲ-ਸਕਾਊਟ ਹਰੀਸ਼ ਚੰਦਰ ਮਹਿਰਾ ਵੀ ਤਾਇਨਾਤ ਸੀ।

ਸਾਰੇ ਪ੍ਰੋਗਰਾਮ ਦਾ ਅਨੰਦ ਲੈ ਰਹੇ ਸਨ। ਫਿਰ ਆਤਸ਼ਬਾਜ਼ੀ ਸ਼ੁਰੂ ਹੋਈ। ਬਦਕਿਸਮਤੀ ਨਾਲ਼ ਇੱਕ ਆਤਸ਼ਬਾਜ਼ੀ

**ਵਿਸ਼ਾਲ**—ਵੱਡੀ (huge)। **ਪਰੇਡ**—ਫ਼ੌਜੀ ਨੌਜਵਾਨਾਂ ਦਾ ਪ੍ਰਦਰਸ਼ਨ (parade)। **ਬਹਾਦਰੀ**—ਦਲੇਰੀ (bravery)। **ਪ੍ਰਥਾ**—ਰਿਵਾਜ (tradition)। **ਪਧਾਰੇ**—ਆਏ (came)। **ਮਹਿਕਮਿਆਂ**—ਵਿਭਾਗਾਂ (departments)।



ਇਸੇ ਪੰਡਾਲ 'ਤੇ ਆਣ ਡਿੱਗੀ। ਉੱਪਰ ਸ਼ਾਮਿਆਨੇ ਨੂੰ ਅੱਗ ਲੱਗ ਗਈ। ਲੋਕ ਅੱਗ ਤੋਂ ਘਬਰਾ ਕੇ ਇੱਧਰ-ਉੱਧਰ ਦੌੜਨ ਲੱਗੇ।

14 ਵਰ੍ਹਿਆਂ ਦਾ ਬਾਲ-ਸਕਾਊਟ ਹਰੀਸ਼ ਚੰਦਰ ਮਹਿਰਾ, ਇਸ ਘਟਨਾ ਤੋਂ ਬਿਲਕੁਲ ਨਾ ਘਬਰਾਇਆ, ਉਹ ਤੇ ਸੋਚ ਰਿਹਾ ਸੀ ਕਿ ਕੀ ਕੀਤਾ ਜਾਵੇ। ਉਸ ਉੱਪਰ ਵੇਖਿਆ ਤਾਂ ਉਸ ਨੂੰ ਖ਼ਿਆਲ ਆਇਆ ਕਿ ਜੇ ਖੰਭੇ ਨਾਲ਼ ਬੰਨ੍ਹੀਆਂ ਰੱਸੀਆਂ ਕੱਟ ਦਿੱਤੀਆਂ ਜਾਣ ਤਾਂ ਅੱਗ ਫੈਲਣ ਤੋਂ ਰੁਕ ਸਕਦੀ ਹੈ। ਹਰੀਸ਼ ਚੰਦਰ ਫਟਾ-ਫਟ ਇੱਕ 20 ਫੁੱਟ ਲੰਬੇ ਖੰਭੇ 'ਤੇ ਚੜ੍ਹਨ ਲੱਗ ਪਿਆ ਜਿਸ ਨਾਲ਼ ਸ਼ਾਮਿਆਨੇ ਦੀਆਂ ਰੱਸੀਆਂ ਬੰਨ੍ਹੀਆਂ ਹੋਈਆਂ ਸਨ। ਖੰਭੇ 'ਤੇ ਚੜ੍ਹ ਕੇ ਹਰੀਸ਼ ਚੰਦਰ ਨੇ ਆਪਣਾ ਸਕਾਊਟ ਚਾਕੂ ਕੱਢਿਆ ਤੇ ਇੱਕ-ਇੱਕ ਕਰਕੇ ਰੱਸੀਆਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ ਪਰ ਅੱਗ ਰੱਸੀਆਂ ਤੱਕ ਆ ਚੁੱਕੀ ਸੀ। ਅੱਗ ਨਾਲ਼ ਹਰੀਸ਼ ਚੰਦਰ ਦੇ ਹੱਥ ਝੁਲ਼ਸ ਗਏ ਪਰ ਉਹ ਡਰਿਆ ਨਾ ਤੇ ਸਾਰੀਆਂ ਰੱਸੀਆਂ ਕੱਟ ਦਿੱਤੀਆਂ। ਇੰਞ ਸ਼ਾਮਿਆਨਾ ਇੱਕ ਪਾਸੇ ਡਿਗ ਪਿਆ ਤੇ ਲੋਕ ਹਿਫਾਜ਼ਤ ਨਾਲ਼ ਦੂਰ ਚਲੇ ਗਏ।

**ਸ਼ਾਮਿਆਨਾ**—ਕੱਪੜੇ ਦਾ ਬਣਿਆ ਪਰਦਾ (large open tent)। **ਫਟਾ-ਫਟ**—ਜਲਦੀ (quickly)। **ਝੁਲ਼ਸ ਜਾਣਾ**—ਸੜ ਜਾਣਾ (got burnt)। **ਹਿਫਾਜ਼ਤ**—ਸੁਰੱਖਿਆ (safety)। **ਮਸ਼ਵਰਾ**—ਵਿਚਾਰ (suggestion)। **ਪੁਰਸਕਾਰ**—ਇਨਾਮ (prize)।



ਪੰਡਤ ਜਵਾਹਰ ਲਾਲ ਨਹਿਰੂ ਨੇ ਇਸ ਸਾਰੀ ਘਟਨਾ ਨੂੰ ਆਪਣੀਆਂ ਅੱਖਾਂ ਨਾਲ਼ ਵੇਖਿਆ। ਉਹ ਇਸ ਨਿੱਕੇ ਜਿਹੇ 14 ਸਾਲਾਂ ਦੇ ਬਾਲ-ਸਕਾਊਟ ਹਰੀਸ਼ ਚੰਦਰ ਮਹਿਰਾ ਦੀ ਬਹਾਦਰੀ ਤੋਂ ਬਹੁਤ ਪ੍ਰਭਾਵਿਤ ਹੋਏ। ਉਹਨਾਂ ਦੇ ਮਨ ਵਿੱਚ ਵਿਚਾਰ ਆਇਆ ਕਿ ਅਜਿਹੇ ਬਹਾਦਰ ਬੱਚਿਆਂ ਨੂੰ ਪੁਰਸਕਾਰ ਦੇਣਾ ਚਾਹੀਦਾ ਹੈ। ਪੰਡਤ ਜੀ ਨੇ ਮੰਤਰੀਆਂ ਅਤੇ ਉੱਚ ਅਫ਼ਸਰਾਂ ਨਾਲ਼ ਸਲਾਹ-ਮਸ਼ਵਰਾ ਕੀਤਾ ਤੇ ਫ਼ੈਸਲਾ ਕੀਤਾ ਕਿ ਦੇਸ਼ ਭਰ ਵਿੱਚੋਂ ਬਹਾਦਰੀ ਦੇ ਅਜਿਹੇ ਕਾਰਨਾਮੇ ਕਰਨ ਵਾਲ਼ੇ ਬੱਚਿਆਂ ਨੂੰ ਹਰ ਸਾਲ ਰਾਸ਼ਟਰੀ ਪੁਰਸਕਾਰ ਦਿੱਤੇ ਜਾਇਆ ਕਰਨਗੇ।

ਇੰਞ ਪਹਿਲਾ ਬਾਲ ਬਹਾਦਰੀ ਪੁਰਸਕਾਰ 1958 ਵਿੱਚ ਤਿੰਨ ਮੂਰਤੀ ਭਵਨ ਵਿੱਚ ਪੰਡਤ ਜਵਾਹਰ ਲਾਲ ਨਹਿਰੂ ਨੇ ਹਰੀਸ਼ ਚੰਦਰ ਮਹਿਰਾ ਨੂੰ ਦਿੱਤਾ। ਅਗਲੇ ਵਰ੍ਹੇ ਇਸ ਬਹਾਦਰ ਬੱਚੇ ਨੂੰ 26 ਜਨਵਰੀ

ਦੀ ਗਣਤੰਤਰ ਪਰੇਡ ਵਿੱਚ ਹਿੱਸਾ ਲੈਣ ਲਈ ਵਿਸ਼ੇਸ਼ ਤੌਰ 'ਤੇ ਸੱਦਿਆ ਗਿਆ।

ਉਦੋਂ ਤੋਂ ਇਹ ਪਰੰਪਰਾ ਹੁਣ ਤੱਕ ਚਲਦੀ ਆ ਰਹੀ ਹੈ। ਹਰ ਸਾਲ ਦੇਸ਼ ਭਰ 'ਚੋਂ ਬਹਾਦਰ ਬੱਚਿਆਂ ਨੂੰ ਚੁਣ ਕੇ ਉਹਨਾਂ ਨੂੰ ਪੁਰਸਕਾਰ ਦਿੱਤੇ ਜਾਂਦੇ ਹਨ। ਇਹ ਬਹਾਦਰ ਬੱਚੇ ਗਣਤੰਤਰ ਦਿਵਸ ਦੀ ਪਰੇਡ ਵਿੱਚ ਸ਼ਾਮਲ ਹੋ ਕੇ ਦੇਸ਼ ਦਾ ਨਾਂ ਉੱਚਾ ਕਰਦੇ ਹਨ।

ਪਰੰਪਰਾ—ਰਿਵਾਜ (tradition)।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਪੰਡਤ ਜਵਾਹਰ ਲਾਲ ਨਹਿਰੂ ਕੀ ਦੇਖਣ ਲਈ ਮੈਦਾਨ ਵਿੱਚ ਪਧਾਰੇ ਹੋਏ ਸਨ ?

ਰਾਮ-ਲੀਲ੍ਹਾ ☐ ਕ੍ਰਿਕਟ ਮੈਚ ☐ ਪਰੇਡ ☐ ਹਾਕੀ ਦਾ ਮੈਚ ☐

(ਅ) ਪੰਡਤ ਨਹਿਰੂ ਜੀ ਕਿੱਥੇ ਬੈਠੇ ਹੋਏ ਸਨ ?

ਪੰਡਾਲ ਵਿੱਚ ☐ ਦਰਖ਼ਤ ਹੇਠ ☐ ਸਟੇਜ 'ਤੇ ☐ ਕਾਰ ਵਿੱਚ ☐

(ੲ) ਬਦਕਿਸਮਤੀ ਨਾਲ਼ ਪੰਡਾਲ ਵਿੱਚ ਕੀ ਆਣ ਡਿੱਗੀ ?

ਗੱਡੀ ☐ ਆਤਸ਼ਬਾਜ਼ੀ ☐ ਤਾਰ ☐ ਗੇਂਦ ☐

(ਸ) ਹਰੀਸ਼ ਚੰਦਰ ਫਟਾ-ਫਟ ਕਿੰਨੇ ਫੁੱਟ ਲੰਬੇ ਖੰਭੇ ਉੱਤੇ ਚੜ੍ਹਨ ਲੱਗ ਪਿਆ ?

40 ਫੁੱਟ ਲੰਬੇ ☐ 20 ਫੁੱਟ ਲੰਬੇ ☐ 50 ਫੁੱਟ ਲੰਬੇ ☐ 30 ਫੁੱਟ ਲੰਬੇ ☐

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) 26 ਜਨਵਰੀ ਨੂੰ ਗਣਤੰਤਰ ਦਿਵਸ ਦੇ ਮੌਕੇ 'ਤੇ ਕਿਹੜੇ ਨਿੱਕੇ ਬੱਚੇ ਪਰੇਡ ਵਿੱਚ ਸ਼ਾਮਲ ਹੁੰਦੇ ਹਨ ?

ਉੱਤਰ ..........................................................................................

(ਅ) ਹਰੀਸ਼ ਚੰਦਰ ਮਹਿਰਾ ਤੋਂ ਕਿਹੜੀ ਪ੍ਰਥਾ ਸ਼ੁਰੂ ਹੋਈ ?

ਉੱਤਰ ..........................................................................................

(ੲ) ਸ਼ਾਮਿਆਨੇ ਨੂੰ ਅੱਗ ਕਿਸ ਤਰ੍ਹਾਂ ਲੱਗ ਗਈ ?

ਉੱਤਰ ..........................................................................................

(ਸ) ਹਰੀਸ਼ ਚੰਦਰ ਨੇ ਆਪਣੇ ਚਾਕੂ ਨਾਲ਼ ਕੀ ਕੀਤਾ ?

ਉੱਤਰ ..........................................................................................

(ਹ) ਹਰੀਸ਼ ਚੰਦਰ ਨੂੰ ਬਾਲ ਬਹਾਦਰੀ ਪੁਰਸਕਾਰ ਕਿਸ ਕੋਲ਼ੋਂ ਮਿਲ਼ਿਆ ਸੀ ?

ਉੱਤਰ ..........................................................................................

**3. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ੳ) ਇਸ ਪਰੇਡ ਵਿੱਚ ਨਿੱਕੇ-ਨਿੱਕੇ .......................... ਵੀ ਸ਼ਾਮਲ ਹੁੰਦੇ ਹਨ। (ਬੱਚੇ / ਜਾਨਵਰ)

(ਅ) ਉੱਥੇ ਇੱਕ ਬਾਲ-ਸਕਾਊਟ .......................... ਵੀ ਤਾਇਨਾਤ ਸੀ।
(ਦਿਲਰਾਜ ਸਿੰਘ / ਹਰੀਸ਼ ਚੰਦਰ ਮਹਿਰਾ)

(ੲ) ਸਾਰੇ .......................... ਅਨੰਦ ਲੈ ਰਹੇ ਸਨ। (ਪ੍ਰੋਗਰਾਮ ਦਾ / ਖੇਡ ਦਾ)

(ਸ) ਇਹ .......................... ਬੱਚੇ ਗਣਤੰਤਰ ਦਿਵਸ ਦੀ ਪਰੇਡ ਵਿੱਚ ਸ਼ਾਮਲ ਹੋ ਕੇ ਦੇਸ਼ ਦਾ ਨਾਂ ਉੱਚਾ ਕਰਦੇ ਹਨ। (ਬਹਾਦਰ / ਕਾਇਰ)

**4. ਪਾਠ ਅਨੁਸਾਰ ਸਹੀ ਵਾਕ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ। ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ :**

(ੳ) ਜਿਸ ਪੰਡਾਲ ਵਿੱਚ ਪੰਡਤ ਨਹਿਰੂ ਜੀ ਬੈਠੇ ਹੋਏ ਸਨ, ਉੱਥੇ ਇੱਕ ਬਾਲ-ਸਕਾਊਟ ਹਰੀਸ਼ ਚੰਦਰ ਮਹਿਰਾ ਵੀ ਤਾਇਨਾਤ ਸੀ। ☐

(ਅ) ਸਾਰੇ ਪ੍ਰੋਗਰਾਮ ਦਾ ਅਨੰਦ ਲੈ ਰਹੇ ਸਨ। ☐

(ੲ) 14 ਸਾਲਾਂ ਦਾ ਬਾਲ-ਸਕਾਊਟ ਹਰੀਸ਼ ਚੰਦਰ ਮਹਿਰਾ ਇਸ ਘਟਨਾ ਤੋਂ ਘਬਰਾ ਗਿਆ। ☐

(ਸ) ਅੱਗ ਨਾਲ਼ ਹਰੀਸ਼ ਚੰਦਰ ਦੀਆਂ ਲੱਤਾਂ ਝੁਲ਼ਸ ਗਈਆਂ। ☐

(ਹ) ਪੰਡਤ ਜੀ ਨੇ ਮੰਤਰੀਆਂ ਅਤੇ ਉੱਚ-ਅਫ਼ਸਰਾਂ ਨਾਲ਼ ਸਲਾਹ-ਮਸ਼ਵਰਾ ਕੀਤਾ। ☐

**5. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਪਰੇਡ | — | ਪਰੇਡ ਵਿੱਚ ਨਿੱਕੇ-ਨਿੱਕੇ ਬੱਚੇ ਸ਼ਾਮਲ ਸਨ। (ਉਦਾਹਰਨ) |
| (ਅ) ਇਨਾਮ | — | .......................................................... |
| (ੲ) ਅਫ਼ਸਰ | — | .......................................................... |
| (ਸ) ਘਟਨਾ | — | .......................................................... |
| (ਹ) ਪਰੰਪਰਾ | — | .......................................................... |

**6. ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

14 ਵਰ੍ਹਿਆਂ ਦਾ ਬਾਲ-ਸਕਾਊਟ ਹਰੀਸ਼ ਚੰਦਰ ਮਹਿਰਾ, ਇਸ ਘਟਨਾ ਤੋਂ ਬਿਲਕੁਲ ਨਾ ਘਬਰਾਇਆ, ਉਹ ਤੇ ਸੋਚ ਰਿਹਾ ਸੀ ਕਿ ਕੀ ਕੀਤਾ ਜਾਵੇ। ਉਸ ਉੱਪਰ ਵੇਖਿਆ ਤਾਂ ਉਸ ਨੂੰ ਖ਼ਿਆਲ ਆਇਆ ਕਿ ਜੇ ਖੰਭੇ ਨਾਲ਼ ਬੰਨ੍ਹੀਆਂ ਰੱਸੀਆਂ ਕੱਟ ਦਿੱਤੀਆਂ ਜਾਣ ਤਾਂ ਅੱਗ ਫੈਲਣ ਤੋਂ ਰੁਕ ਸਕਦੀ ਹੈ। ਹਰੀਸ਼ ਚੰਦਰ ਫਟਾ-ਫਟਾ ਇੱਕ 20 ਫੁੱਟ ਲੰਬੇ ਖੰਭੇ 'ਤੇ ਚੜ੍ਹਨ ਲੱਗ ਪਿਆ ਜਿਸ ਨਾਲ਼ ਸ਼ਾਮਿਆਨੇ ਦੀਆਂ ਰੱਸੀਆਂ ਬੰਨ੍ਹੀਆਂ ਹੋਈਆਂ ਸਨ। ਖੰਭੇ 'ਤੇ ਚੜ੍ਹ ਕੇ ਹਰੀਸ਼ ਚੰਦਰ ਨੇ ਆਪਣਾ ਸਕਾਊਟ ਚਾਕੂ ਕੱਢਿਆ ਤੇ ਇੱਕ-ਇੱਕ ਕਰਕੇ ਰੱਸੀਆਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ ਪਰ ਅੱਗ ਰੱਸੀਆਂ ਤੱਕ ਆ ਚੁੱਕੀ ਸੀ। ਅੱਗ ਨਾਲ਼ ਹਰੀਸ਼ ਚੰਦਰ ਦੇ ਹੱਥ ਝੁਲ਼ਸ ਗਏ ਪਰ ਉਹ ਡਰਿਆ ਨਾ ਤੇ ਸਾਰੀਆਂ ਰੱਸੀਆਂ ਕੱਟ ਦਿੱਤੀਆਂ। ਇੰਞ ਸ਼ਾਮਿਆਨਾ ਇੱਕ ਪਾਸੇ ਡਿਗ ਪਿਆ ਤੇ ਲੋਕ ਹਿਫਾਜ਼ਤ ਨਾਲ਼ ਦੂਰ ਚਲੇ ਗਏ।

(ੳ) ਸਕਾਊਟ ਹਰੀਸ਼ ਚੰਦਰ ਮਹਿਰਾ ਦੀ ਉਮਰ ਕਿੰਨੀ ਸੀ ?

15 ਵਰ੍ਹੇ ☐ 13 ਵਰ੍ਹੇ ☐ 14 ਵਰ੍ਹੇ ☐ 16 ਵਰ੍ਹੇ ☐

(ਅ) ਕੀ ਘਟਨਾ ਘਟਨ ਨਾਲ਼ ਹਰੀਸ਼ ਚੰਦਰ ਘਬਰਾ ਗਿਆ ਸੀ ?

ਹਾਂ ☐ ਥੋੜ੍ਹਾ ਜਿਹਾ ☐ ਬਹੁਤ ਜ਼ਿਆਦਾ ☐ ਬਿਲਕੁਲ ਨਹੀਂ ☐

(ੲ) ਹਰੀਸ਼ ਚੰਦਰ ਕਿੰਨੇ ਫੁੱਟ ਲੰਬੇ ਖੰਭੇ 'ਤੇ ਚੜ੍ਹਨ ਲੱਗਾ ?

20 ਫੁੱਟ ☐ 50 ਫੁੱਟ ☐ 35 ਫੁੱਟ ☐ 40 ਫੁੱਟ ☐

(ਸ) ਅੱਗ ਕਿੱਥੇ ਤੱਕ ਆ ਚੁੱਕੀ ਸੀ ?

ਕੁਰਸੀਆਂ ਤੱਕ ☐ ਲੋਕਾਂ ਤੱਕ ☐ ਰੱਸੀਆਂ ਤੱਕ ☐ ਖੰਭੇ ਤੱਕ ☐

(ਹ) ਅੱਗ ਨਾਲ਼ ਹਰੀਸ਼ ਚੰਦਰ ਮਹਿਰਾ ਦਾ ਕੀ ਝੁਲ਼ਸ ਗਿਆ ?

ਵਾਲ਼ ☐ ਚਮੜੀ ☐ ਹੱਥ ☐ ਲੱਤਾਂ ☐




**ਦੱਸੇ ਅਨੁਸਾਰ ਕਰੋ :**

(ੳ) ਬੱਚਾ — ਬੱਚੇ

(ਅ) ਨਿੱਕਾ — ........................

(ੲ) ਮੌਕਾ — ........................

(ਸ) ਮਹਿਕਮਾ — ........................

(ਹ) ਸ਼ਾਮਿਆਨਾ — ........................

(ਕ) ਖੰਭਾ — ........................

## ਯੋਗਤਾ ਵਿਸਤਾਰ

- ਆਪਣੇ ਅਧਿਆਪਕ ਸਾਹਿਬਾਨ ਦੀ ਸਹਾਇਤਾ ਨਾਲ਼ ਇਸ ਸਾਲ 26 ਜਨਵਰੀ ਨੂੰ ਗਣਤੰਤਰ ਦਿਵਸ ਦੇ ਮੌਕੇ 'ਤੇ ਬਹਾਦਰੀ ਦਾ ਇਨਾਮ ਲੈਣ ਵਾਲ਼ੇ ਬੱਚਿਆਂ ਦੀ ਸੂਚੀ ਤਿਆਰ ਕਰੋ। ਇਹ ਵੀ ਲਿਖੋ ਕਿ ਉਹਨਾਂ ਨੂੰ ਇਹ ਪੁਰਸਕਾਰ ਕਿਉਂ ਮਿਲ਼ਿਆ ?

..........................................................................................................

..........................................................................................................

..........................................................................................................

..........................................................................................................

## ਅਧਿਆਪਕ ਲਈ

- ਵਿਦਿਆਰਥੀਆਂ ਨੂੰ ਮੁਸੀਬਤ ਵਿੱਚ ਫਸੇ ਲੋੜਵੰਦ ਲੋਕਾਂ ਦੀ ਸਹਾਇਤਾ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।
- ਨਿੱਕੀਆਂ-ਨਿੱਕੀਆਂ ਉਦਾਹਰਨਾਂ ਦੇ ਕੇ ਬੱਚਿਆਂ ਨੂੰ ਆਪਣੇ ਆਲ਼ੇ-ਦੁਆਲ਼ੇ ਦੇ ਲੋਕਾਂ ਦੀ ਮਦਦ ਕਰਨ ਦੀ ਸਿੱਖਿਆ ਦਿਓ।
- ਬੱਚਿਆਂ ਨੂੰ ਗਣਤੰਤਰ ਦਿਵਸ ਅਤੇ ਅਜ਼ਾਦੀ ਦਿਵਸ ਬਾਰੇ ਜਾਣਕਾਰੀ ਦਿਓ।

# ਮਾਡਲ ਟੈੱਸਟ ਪੇਪਰ–1

**ਜਮਾਤ-3 (ਪਾਠ 1 ਤੋਂ 5)**

**ਸਮਾਂ : 1 ਘੰਟਾ 30 ਮਿੰਟ** **ਕੁੱਲ ਅੰਕ : 50**

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✔) ਦਾ ਨਿਸ਼ਾਨ ਲਗਾਓ—** **(4 × 2 = 8)**

(ੳ) ਕਵਿਤਾ ਵਿੱਚ ਹੰਭਲ਼ੇ ਮਾਰ ਕੇ ਕੀ ਚੜ੍ਹਨ ਲਈ ਕਿਹਾ ਗਿਆ ਹੈ ?

ਚੜ੍ਹਾਈ ☐ ਬੱਸ ☐ ਕਾਰ ☐ ਜਹਾਜ਼ ☐

(ਅ) ਦੂਜੇ ਪਿੰਡ ਵਾਲ਼ੇ ਗੁਰੂ ਜੀ ਦੇ ਬਚਨ ਸੁਣਨ ਲਈ ਕਿੱਥੇ ਬੈਠੇ ਰਹੇ ?

ਮੰਜੀ ਉੱਪਰ ☐ ਕੁਰਸੀ ਉੱਪਰ ☐ ਨਾਲ਼ ਹੀ ☐ ਚਰਨਾਂ ਵਿੱਚ ☐

(ੲ) ਬਲੂੰਗੜਿਆਂ ਦੀਆਂ ਅੱਖਾਂ ਕਿਸ ਵਰਗੀਆਂ ਸਨ ?

ਸੋਨੇ ☐ ਚਾਂਦੀ ☐ ਲੋਹੇ ☐ ਬਲੌਰ ☐

(ਸ) ਪੰਡਤ ਜਵਾਹਰ ਲਾਲ ਨਹਿਰੂ ਕੀ ਦੇਖਣ ਲਈ ਮੈਦਾਨ ਵਿੱਚ ਪਧਾਰੇ ਹੋਏ ਸਨ ?

ਰਾਮ–ਲੀਲ੍ਹਾ ☐ ਕ੍ਰਿਕਟ ਮੈਚ ☐ ਪਰੇਡ ☐ ਹਾਕੀ ਦਾ ਮੈਚ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ—** **(4 × 3 = 12)**

(ੳ) ਬੁਰਸ਼ ਕਰਦਿਆਂ ਪਾਣੀ ਦੀ ਵਰਤੋਂ ਕਿਵੇਂ ਕਰਨੀ ਚਾਹੀਦੀ ਹੈ ?

ਉੱਤਰ ............................................................

(ਅ) ਕਿਨ੍ਹਾਂ ਦੀ ਸੰਸਾਰ ਨੂੰ ਬਹੁਤ ਲੋੜ ਹੈ ?

ਉੱਤਰ ............................................................

(ੲ) ਬਲੂੰਗੜਿਆਂ ਦੇ ਮੁਖ ਕਿਹੋ ਜਿਹੇ ਸਨ ?

ਉੱਤਰ ............................................................

(ਸ) ਹਰੀਸ਼ ਚੰਦਰ ਮਹਿਰਾ ਤੋਂ ਕਿਹੜੀ ਪ੍ਰਥਾ ਸ਼ੁਰੂ ਹੋਈ ?

ਉੱਤਰ ............................................................

3. ਹੇਠਾਂ ਦਿੱਤੇ ਵਾਕਾਂ ਵਿਚਲੀਆਂ ਖ਼ਾਲੀ ਥਾਵਾਂ ਭਰੋ— **(3 × 2 = 6)**

(ੳ) ਧਰਤੀ ਹੇਠੋਂ .................................... ਘੱਟ ਰਿਹਾ ਹੈ। (ਪਾਣੀ/ਰੇਤਾ)

(ਅ) ਗੁਰੂ ਜੀ ਨੇ .................................... ਭੋਜਨ ਪਰਵਾਨ ਕੀਤਾ। (ਸਾਦਾ/ਤਾਜ਼ਾ)

(ੲ) ਸਾਰੇ .................. ਅਨੰਦ ਲੈ ਰਹੇ ਸਨ। (ਪ੍ਰੋਗਰਾਮ ਦਾ/ਖੇਡ ਦਾ)

4. ਸਹੀ ਵਾਕ ਦੇ ਸਾਹਮਣੇ (✔) ਦਾ ਨਿਸ਼ਾਨ ਅਤੇ ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ— **(3 × 1 = 3)**

(ੳ) ਚੜ੍ਹਾਈ ਚੜ੍ਹਨ ਲਈ ਹੰਭਲ਼ਾ ਮਾਰਨਾ ਜ਼ਰੂਰੀ ਹੈ। ☐

(ਅ) ਬਿੱਲੀ ਮਿਆਉਂ-ਮਿਆਉਂ ਕਰਕੇ ਤਰਲੇ ਕਰ ਰਹੀ ਸੀ। ☐

(ੲ) ਅੱਗ ਨਾਲ਼ ਹਰੀਸ਼ ਚੰਦਰ ਦੀਆਂ ਲੱਤਾਂ ਝੁਲ਼ਸ ਗਈਆਂ। ☐

5. (ੳ) ਹੇਠ ਦਿੱਤੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ— **(3 × 1 = 3)**

(*i*) ਸਨਤਰਾ .................. (*ii*) ਰੋਅਟੀ .................. (*iii*) ਪਾਨੀ ..................

(ਅ) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ— **(3 × 1 = 3)**

(*i*) ਬੱਚਾ .................. (*ii*) ਮੌਕਾ .................. (*iii*) ਖੰਭਾ ..................

6. ਹੇਠ ਲਿਖੇ ਸ਼ਬਦਾਂ ਦੇ ਸਮਾਨਾਰਥਕ ਸ਼ਬਦ ਲਿਖੋ— **(2 × 1 = 2)**

(*i*) ਚਲਾਕ .................. (*ii*) ਸਸਤਾ ..................

7. ਹੇਠ ਦਿੱਤੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ— **(2 × 2 = 4)**

(*i*) ਦਿਨ .................. (*ii*) ਭਲੇ ..................

8. ਹੇਠ ਦਿੱਤੇ ਦੇਸੀ ਸ਼ਬਦਾਂ ਦੇ ਅਰਥ ਲਿਖੋ— **(2 × 2 = 4)**

(*i*) ਕੁੜੇ .................. (*ii*) ਬਲੌਰ ..................

9. 'ਪਾਣੀ ਬਚਾਓ, ਜੀਵਨ ਬਚਾਓ' ਵਿਸ਼ੇ ਉੱਤੇ ਪੰਜ ਵਾਕ ਲਿਖੋ। **(5 × 1 = 5)**

..........................................................................................................

..........................................................................................................

..........................................................................................................

..........................................................................................................

..........................................................................................................




# ਬਲਬ ਜਗਿਆ

## ਪਾਠ ਬਾਰੇ ਚਰਚਾ

- ਕੀ ਤੁਸੀਂ ਹਨੇਰੇ ਤੋਂ ਡਰਦੇ ਹੋ, ਜੇ ਹਾਂ ਤਾਂ ਕਿਉਂ ?
- ਪਰਛਾਵਾਂ ਕਿਵੇਂ ਬਣਦਾ ਹੈ ?

ਸ਼ਾਮ ਦਾ ਵੇਲ਼ਾ ਸੀ। ਮਾਂ ਰਸੋਈ ਘਰ ਵਿੱਚ ਸੀ। ਪਾਪਾ ਉਹਨਾਂ ਦੀ ਮਦਦ ਕਰ ਰਹੇ ਸਨ। ਹਰਮੀਤ ਬਾਹਰ ਬੈਠਾ ਟੀ. ਵੀ. ਦੇਖ ਰਿਹਾ ਸੀ। ਉਸ ਨੂੰ ਕੁਝ ਯਾਦ ਆਇਆ। ਉਹ ਭੱਜਦਾ ਹੋਇਆ ਆਪਣੇ ਕਮਰੇ ਵੱਲ ਗਿਆ। ਪਰ ਦਰਵਾਜ਼ੇ ਤੋਂ ਹੀ ਮੁੜ ਆਇਆ।

"ਮਾਂ, ਪਾਪਾ! ਮੈਂ ਤੁਹਾਨੂੰ ਕੁਝ ਵਿਖਾਉਣਾ ਚਾਹੁੰਦਾ ਹਾਂ। ਅੱਜ ਮੈਨੂੰ ਰਿਪੋਰਟ ਕਾਰਡ ਮਿਲ਼ਿਆ ਹੈ।" ਪਾਪਾ ਨੇ ਤੋਲੀਏ ਨਾਲ਼ ਹੱਥ ਪੂੰਝਦੇ ਹੋਏ ਕਿਹਾ– "ਤਾਂ ਲੈ ਆਉ ਨਾ।"

ਮੁੜ—ਵਾਪਸ (back)।
ਪੂੰਝਦੇ—ਸਾਫ਼ (clean)।
ਝਿਜਕਦੇ—ਸੰਗਦੇ (hesitated)।



"ਉੱਥੇ ਹਨੇਰਾ ਹੈ, ਕਿਵੇਂ ਜਾਵਾਂ?" ਹਰਮੀਤ ਨੇ ਕੁਝ ਝਿਜਕਦੇ-ਝਿਜਕਦੇ ਹੋਏ ਕਿਹਾ।

"ਹਨੇਰਾ ਹੈ ਤਾਂ ਬਲਬ ਜਗਾ ਲਓ।" ਮਾਂ ਨੇ ਕਿਹਾ। ਉਹ ਬਾਹਰ ਗਿਆ। ਆਪਣੀ ਤਿੰਨ ਸਾਲ

ਦੀ ਭੈਣ ਦਾ ਹੱਥ ਕੱਸ ਕੇ ਫੜਿਆ ਅਤੇ ਕਹਿਣ ਲੱਗਾ— "ਕੁਲਜੀਤ, ਚੱਲ ਮੇਰੇ ਨਾਲ਼। ਅੰਦਰ ਜਾ ਕੇ ਬਲਬ ਜਗਾ।"

ਪਾਪਾ ਸੁਣ ਰਹੇ ਸਨ। ਉਹ ਹੈਰਾਨੀ ਵਿੱਚ ਮਾਂ ਨੂੰ ਕਹਿਣ ਲੱਗੇ— "ਕੀ ਗੱਲ ਹੈ ? ਹਰਮੀਤ ਨੂੰ ਪਹਿਲਾਂ ਅੰਦਰ ਜਾਣ ਵਿੱਚ ਕੀ ਸਮੱਸਿਆ ਹੈ? ਉਸ ਨੇ ਛੋਟੀ ਕੁਲਜੀਤ ਨੂੰ ਕਿਉਂ ਭੇਜਿਆ?"

ਮਾਂ ਜ਼ੋਰ ਨਾਲ਼ ਹੱਸਣ ਲੱਗੀ। ਕਹਿੰਦੀ— "ਤੁਹਾਨੂੰ ਨਹੀਂ ਪਤਾ। ਹਰਮੀਤ ਹਨੇਰੇ ਤੋਂ ਡਰਦਾ ਹੈ। ਇਸ ਲਈ ਕੁਲਜੀਤ ਨੂੰ ਪਹਿਲਾਂ ਅੰਦਰ ਭੇਜ ਰਿਹਾ ਹੈ।"

ਪਾਪਾ ਹਰਮੀਤ ਦੇ ਕਮਰੇ ਵਿੱਚ ਗਏ। ਉਸ ਦਾ ਰਿਪੋਰਟ ਕਾਰਡ ਵੇਖਿਆ। ਹਰਮੀਤ ਦੀ ਪਿੱਠ 'ਤੇ ਹੱਥ ਮਾਰਿਆ। ਕਹਿੰਦੇ— "ਵਾਹ, ਚੰਗੀ ਰਿਪੋਰਟ ਹੈ। ਹੋਰ ਮਿਹਨਤ ਕਰੋ ਅਗਲੀ ਵਾਰ ਹੋਰ ਸੁਧਾਰ ਹੋਵੇਗਾ। ਹਾਂ, ਮਾਂ ਕਹਿ ਰਹੀ ਸੀ, ਤੂੰ ਹਨੇਰੇ ਤੋਂ ਡਰਦਾ ਹੈਂ।"

"ਜੀ ਹਾਂ, ਮੈਨੂੰ ਹਨੇਰੇ ਤੋਂ ਬਹੁਤ ਡਰ ਲੱਗਦਾ ਹੈ। ਕਮਰੇ ਦੇ ਕੋਨੇ ਵਿੱਚ ਕਿਸੇ ਦਾ ਪਰਛਾਵਾਂ ਬੈਠਾ ਵਿਖਾਈ ਦਿੰਦਾ ਹੈ। ਬਲਬ ਜਗਦੇ ਹੀ ਭੱਜ ਜਾਂਦਾ ਹੈ," ਹਰਮੀਤ ਨੇ ਕਿਹਾ।

**ਕੱਸ ਕੇ**—ਘੁੱਟ ਕੇ (tightly)।
**ਕੋਨਾ**—ਨੁੱਕਰ (corner)।
**ਭੱਜ**—ਦੌੜ (run)।
**ਵਹਿਮ**—ਭੁਲੇਖਾ (fallacy)।



"ਕੀ ਤੂੰ ਉਸ ਨੂੰ ਭੱਜਦੇ ਹੋਏ ਵੇਖਿਆ ਹੈ ?"

"ਨਹੀਂ ਪਾਪਾ, ਮੈਂ ਉਸ ਨੂੰ ਕਦੇ ਨਹੀਂ ਵੇਖਿਆ," ਹਰਮੀਤ ਝਿਜਕਦੇ ਹੋਏ ਕਹਿਣ ਲੱਗਾ।

"ਤਾਂ ਫਿਰ ਡਰ ਕਿਸ ਤੋਂ ਰਿਹਾ ਹੈਂ? ਪਰਛਾਵਾਂ ਨਹੀਂ, ਇਹ ਤੇਰਾ ਵਹਿਮ ਹੈ। ਪਰਛਾਵਾਂ ਰੋਸ਼ਨੀ ਤੋਂ ਡਰਦਾ ਹੈ ਅਤੇ ਤੂੰ ਹਨੇਰੇ ਤੋਂ। ਕੀ ਤੂੰ ਜਾਣਦਾ ਹੈਂ, ਪਰਛਾਵਾਂ ਭਜਾਉਣ ਵਾਲ਼ਾ ਬਲਬ ਕਿਸ ਨੇ ਬਣਾਇਆ ਸੀ ?"

ਹਰਮੀਤ ਨੇ ਨਾ ਵਿੱਚ ਸਿਰ ਹਿਲਾਇਆ। ਕੁਲਜੀਤ ਕੁੱਦ ਕੇ ਪਾਪਾ ਦੀ ਗੋਦੀ ਵਿੱਚ ਚਲੀ ਗਈ। ਪਾਪਾ ਬੈਠਦੇ ਹੋਏ ਕਹਿਣ ਲੱਗੇ— "ਹਰਮੀਤ, ਇਹ ਬਲਬ ਐਡੀਸਨ ਨੇ ਬਣਾਇਆ ਸੀ। ਉਸ ਦਾ ਪੂਰਾ ਨਾਂ ਸੀ— ਥਾਮਸ ਅਲਵਾ ਐਡੀਸਨ। ਤੂੰ ਤਾਂ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਹੈਂ, ਪਰ ਐਡੀਸਨ ਦਾ ਮਨ ਪੜ੍ਹਨ-ਲਿਖਣ ਵਿੱਚ ਨਹੀਂ ਲੱਗਦਾ ਸੀ। ਉਸ ਦੇ ਸਿੱਖਿਅਕ ਹਮੇਸ਼ਾਂ ਉਸ ਦੀ ਸ਼ਿਕਾਇਤ ਕਰਦੇ ਰਹਿੰਦੇ ਸਨ।

ਐਡੀਸਨ ਦਾ ਮਨ ਕੁਝ ਤੋੜ ਕੇ ਨਵਾਂ ਬਣਾਉਣ ਦੇ ਕੰਮਾਂ ਵਿੱਚ ਬਹੁਤ ਲੱਗਦਾ ਸੀ। ਘਰ ਦੇ ਇੱਕ ਕੋਨੇ ਵਿੱਚ ਬੈਠਾ ਉਹ ਚੀਜ਼ਾਂ ਨੂੰ ਧਿਆਨ ਨਾਲ਼ ਵੇਖਦਾ। ਕੁਝ ਤੋੜਦਾ, ਕੁਝ ਬਣਾਉਂਦਾ। ਐਡੀਸਨ ਬਹੁਤ ਮਿਹਨਤੀ ਸੀ, ਬਹੁਤ ਲਗਨ ਨਾਲ਼ ਕੰਮ ਕਰਦਾ ਸੀ। ਉਹ ਕੁਝ ਨਵਾਂ ਬਣਾਉਣਾ ਚਾਹੁੰਦਾ ਸੀ।



ਸਿੱਖਿਅਕ—ਅਧਿਆਪਕ (teacher)।
ਔਜ਼ਾਰ—ਸੰਦ (tools)।
ਬੱਤੀ—ਬਿਜਲੀ (light)।

ਬਲਬ ਬਣਾਉਣ ਵਿੱਚ ਐਡੀਸਨ ਨੂੰ ਕਈ ਸਾਲ ਲੱਗ ਗਏ। ਇਸ ਦੌਰਾਨ ਉਸ ਨੇ ਬਹੁਤ ਸਾਰੇ ਅਜਿਹੇ ਔਜ਼ਾਰ ਬਣਾਏ ਜੋ ਹਰ ਰੋਜ਼ ਸਾਡੇ ਕੰਮ ਆਉਂਦੇ ਹਨ। ਤੇਰੇ ਨਾਨਾ ਜੀ ਵਾਲ਼ਾ ਗ੍ਰਾਮੋਫ਼ੋਨ ਵੀ ਐਡੀਸਨ ਨੇ ਹੀ ਬਣਾਇਆ ਸੀ। ਉਸ ਨੇ ਲਗਭਗ ਦੋ ਸੌ ਚੀਜ਼ਾਂ ਦੀ ਖੋਜ ਕੀਤੀ। ਉਹਨਾਂ ਨੂੰ ਸੰਵਾਰਿਆ ਅਤੇ ਕੰਮ ਵਿੱਚ ਆਉਣ ਲਾਇਕ ਬਣਾਇਆ। ਐਡੀਸਨ ਦਾ ਨਾਂ ਸੰਸਾਰ ਦੇ ਪ੍ਰਸਿੱਧ ਵਿਗਿਆਨਿਕਾਂ ਵਿੱਚ ਗਿਣਿਆ ਜਾਂਦਾ ਹੈ।

ਚੰਗਾ! ਹੁਣ ਮੈਂ ਬੱਤੀ ਬੰਦ ਕਰਨ ਲੱਗਾ ਹਾਂ। ਮੈਨੂੰ ਵਿਖਾਈਂ ਉਹ ਪਰਛਾਵਾਂ ਕਿਸ ਕੋਨੇ ਵਿੱਚ ਹੈ।" ਇੰਞ ਕਹਿੰਦੇ-ਕਹਿੰਦੇ ਉਹ ਕੁਲਜੀਤ ਨੂੰ ਚੁੱਕ ਕੇ ਕਮਰੇ ਤੋਂ ਬਾਹਰ ਚਲੇ ਗਏ। ਹਰਮੀਤ ਨੇ ਇੱਧਰ-ਉੱਧਰ ਵੇਖਿਆ। ਡਰਦਾ-ਡਰਦਾ ਕੋਨੇ ਵੱਲ ਵਧਿਆ। ਅੱਖ ਬੰਦ ਕਰਕੇ ਸੋਚਣ ਲੱਗਾ— "ਕੀ ਐਡੀਸਨ ਬਚਪਨ ਵਿੱਚ ਹਨੇਰੇ ਤੋਂ ਡਰਦਾ ਹੋਵੇਗਾ? ਨਹੀਂ। ਮੈਂ ਵੀ ਕਿਉਂ ਡਰਾਂ!" ਉਸ ਨੇ ਅੱਖਾਂ ਖੋਲ੍ਹੀਆਂ। ਡਰ ਭੱਜ ਚੁੱਕਾ ਸੀ। ਉਹ ਖ਼ੁਸ਼ ਹੋ ਕੇ ਪਾਪਾ

ਨੂੰ ਅਵਾਜ਼ਾਂ ਮਾਰਨ ਲੱਗਾ—"ਪਾਪਾ, ਇੱਥੇ ਕੋਈ ਨਹੀਂ ਹੈ ਅਤੇ ਮੈਨੂੰ ਡਰ ਵੀ ਨਹੀਂ ਲੱਗ ਰਿਹਾ। ਮੈਂ ਖ਼ੁਦ ਬਟਨ ਦਬਾਵਾਂਗਾ ਅਤੇ ਐਡੀਸਨ ਦਾ ਬਲਬ ਜਗਾਵਾਂਗਾ।" ਉਹ ਕਮਰੇ ਤੋਂ ਬਾਹਰ ਆਇਆ, ਫਿਰ ਅੰਦਰ ਗਿਆ—ਇਕੱਲਾ। ਬਟਨ ਦਬਾਇਆ। ਕਮਰਾ ਰੋਸ਼ਨੀ ਨਾਲ਼ ਚਮਕ ਉੱਠਿਆ। ਉਹ ਹੱਸਦੇ ਹੋਏ ਬੋਲਿਆ—"ਹੁਣ ਮੈਂ ਹਨੇਰੇ ਤੋਂ ਨਹੀਂ ਡਰਦਾ। ਹਨੇਰਾ ਮੇਰੇ ਤੋਂ ਡਰਦਾ ਹੈ ਕਿਉਂਕਿ ਮੇਰੇ ਕੋਲ਼ ਐਡੀਸਨ ਦਾ ਬਲਬ ਹੈ।"



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਪਾਪਾ ਕਿਸ ਦੀ ਮਦਦ ਕਰ ਰਹੇ ਸਨ ?

ਹਰਮੀਤ ਦੀ ☐ ਮਾਂ ਦੀ ☐ ਕੁਲਜੀਤ ਦੀ ☐ ਕਿਸੇ ਦੀ ਵੀ ਨਹੀਂ ☐

(ਅ) ਹਰਮੀਤ ਮਾਂ-ਪਾਪਾ ਨੂੰ ਕੀ ਵਿਖਾਉਣਾ ਚਾਹੁੰਦਾ ਸੀ ?

ਕਾਪੀ ☐ ਟੈੱਸਟ ☐ ਰਿਪੋਰਟ ਕਾਰਡ ☐ ਬਲਬ ☐

(ੲ) ਹਰਮੀਤ ਨੇ ਕਿਸ ਨੂੰ ਬਲਬ ਜਗਾਉਣ ਲਈ ਭੇਜਿਆ ?

ਕੁਲਜੀਤ ☐ ਮਾਂ ☐ ਪਾਪਾ ☐ ਨੌਕਰ ☐

(ਸ) ਗ੍ਰਾਮੋਫ਼ੋਨ ਕਿਸ ਨੇ ਬਣਾਇਆ ਸੀ ?

ਐਡੀਸਨ ਨੇ ☐ ਮਾਂ ਨੇ ☐ ਪਾਪਾ ਨੇ ☐ ਨਾਨਾ ਜੀ ਨੇ ☐

(ਹ) ਕਹਾਣੀ ਦੇ ਅੰਤ ਵਿੱਚ ਕਿਸ ਨੇ ਬਲਬ ਜਗਾਇਆ ?

ਮਾਂ ਨੇ ☐ ਪਾਪਾ ਨੇ ☐ ਹਰਮੀਤ ਨੇ ☐ ਕੁਲਜੀਤ ਨੇ ☐

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਪਾਪਾ ਕਿਸ ਦੀ ਮਦਦ ਕਰ ਰਹੇ ਸਨ ?

ਉੱਤਰ ..............................................................................................

(ਅ) ਹਰਮੀਤ ਕਿਸ ਤੋਂ ਡਰਦਾ ਸੀ ?

ਉੱਤਰ ..............................................................................................

(ੲ) ਕੁਲਜੀਤ ਦੀ ਉਮਰ ਕਿੰਨੀ ਸੀ ?

ਉੱਤਰ ..............................................................................................

(ਸ) ਬਲਬ ਕਿਸ ਨੇ ਬਣਾਇਆ ਸੀ ?

ਉੱਤਰ ........................................................................................................

(ਹ) ਬਲਬ ਜਗਣ 'ਤੇ ਕੌਣ ਭੱਜ ਗਿਆ ?

ਉੱਤਰ ........................................................................................................

**3. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ੳ) ਹਰਮੀਤ ........................ ਤੋਂ ਡਰਦਾ ਹੈ। (ਹਨੇਰੇ, ਬਿੱਲੀ)

(ਅ) ਹਨੇਰਾ ਹੈ ਤਾਂ ........................ ਜਗਾ ਲਓ। (ਬਲਬ, ਦੀਵਾ)

(ੲ) ਮਾਂ ਜ਼ੋਰ ਨਾਲ਼ ........................ ਲੱਗੀ। (ਹੱਸਣ, ਤੁਰਨ)

(ਸ) ਐਡੀਸਨ ਨੇ ਲਗਭਗ ........................ ਚੀਜ਼ਾਂ ਦੀ ਖੋਜ ਕੀਤੀ। (ਦੋ ਸੌ, ਤਿੰਨ ਸੌ)

(ਹ) ਕਮਰਾ ........................ ਨਾਲ਼ ਚਮਕ ਉੱਠਿਆ। (ਰੋਸ਼ਨੀ, ਰੰਗ)

**4. ਪਾਠ ਅਨੁਸਾਰ ਸਹੀ ਵਾਕ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ। ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ :**

(ੳ) ਕੁਲਜੀਤ ਹਨੇਰੇ ਤੋਂ ਡਰਦੀ ਸੀ। ☐

(ਅ) ਹਰਮੀਤ ਬਾਹਰ ਬੈਠਾ ਟੀ.ਵੀ. ਦੇਖ ਰਿਹਾ ਸੀ। ☐

(ੲ) ਬਲਬ ਜਗਣ 'ਤੇ ਹਨੇਰਾ ਡਰ ਜਾਂਦਾ ਹੈ। ☐

(ਸ) ਗ੍ਰਾਮੋਫ਼ੋਨ ਐਡੀਸਨ ਨੇ ਬਣਾਇਆ ਸੀ। ☐

(ਹ) ਅਖੀਰ ਹਰਮੀਤ ਦਾ ਡਰ ਭੱਜ ਗਿਆ। ☐

**5. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਮਦਦ | — | ਮੇਰੀ ਸਹੇਲੀ ਨੇ ਮੇਰੀ ਮਦਦ ਕੀਤੀ। (ਉਦਾਹਰਨ) |
| (ਅ) ਯਾਦ | — | ........................................................................ |
| (ੲ) ਹਨੇਰਾ | — | ........................................................................ |
| (ਸ) ਪਰਛਾਵਾਂ | — | ........................................................................ |

(ਹ) ਮਿਹਨਤੀ — ..........................................................................................

(ਕ) ਬਲਬ — ..........................................................................................

**6. ਉਚਿਤ ਮਿਲ਼ਾਨ ਕਰੋ :**

| | |
|---|---|
| (ੳ) ਹਨੇਰਾ | ਭੈਣ |
| (ਅ) ਮਾਤਾ | ਬਣਾਉਂਦਾ |
| (ੲ) ਭਰਾ | ਰੋਸ਼ਨੀ |
| (ਸ) ਤੋੜਦਾ | ਨਾਲਾਇਕ |
| (ਹ) ਹੁਸ਼ਿਆਰ | ਪਿਤਾ |

**7. ਹੇਠਾਂ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਬਲਬ ਬਣਾਉਣ ਵਿੱਚ ਐਡੀਸਨ ਨੂੰ ਕਈ ਸਾਲ ਲੱਗ ਗਏ। ਇਸ ਦੌਰਾਨ ਉਸ ਨੇ ਬਹੁਤ ਸਾਰੇ ਅਜਿਹੇ ਔਜ਼ਾਰ ਬਣਾਏ ਜੋ ਹਰ ਰੋਜ਼ ਸਾਡੇ ਕੰਮ ਆਉਂਦੇ ਹਨ। ਤੇਰੇ ਨਾਨਾ ਜੀ ਵਾਲ਼ਾ ਗ੍ਰਾਮੋਫ਼ੋਨ ਵੀ ਐਡੀਸਨ ਨੇ ਹੀ ਬਣਾਇਆ ਸੀ। ਉਸ ਨੇ ਲਗਭਗ ਦੋ ਸੌ ਚੀਜ਼ਾਂ ਦੀ ਖੋਜ ਕੀਤੀ। ਉਹਨਾਂ ਨੂੰ ਸੰਵਾਰਿਆ ਅਤੇ ਕੰਮ ਵਿੱਚ ਆਉਣ ਲਾਇਕ ਬਣਾਇਆ। ਐਡੀਸਨ ਦਾ ਨਾਂ ਸੰਸਾਰ ਦੇ ਪ੍ਰਸਿੱਧ ਵਿਗਿਆਨਿਕਾਂ ਵਿੱਚ ਗਿਣਿਆ ਜਾਂਦਾ ਹੈ।

(ੳ) ਕੀ ਬਣਾਉਣ ਵਿੱਚ ਐਡੀਸਨ ਨੂੰ ਕਈ ਸਾਲ ਲੱਗ ਗਏ ?

ਰੋਟੀ ☐ ਬਲਬ ☐ ਗ੍ਰਾਮੋਫ਼ੋਨ ☐ ਕਾਰ ☐

(ਅ) ਗ੍ਰਾਮੋਫ਼ੋਨ ਕਿਸ ਦਾ ਸੀ ?

ਕੁਲਜੀਤ ਦਾ ☐ ਮਾਂ ਦਾ ☐ ਪਾਪਾ ਦਾ ☐ ਨਾਨਾ ਜੀ ਦਾ ☐

(ੲ) ਐਡੀਸਨ ਨੇ ਬਲਬ ਤੋਂ ਇਲਾਵਾ ਹੋਰ ਕੀ ਬਣਾਇਆ ਸੀ ?


ਕਾਰ ☐ ਜਹਾਜ਼ ☐ ਗ੍ਰਾਮੋਫ਼ੋਨ ☐ ਸਾਈਕਲ ☐

(ਸ) ਐਡੀਸਨ ਨੇ ਕਿੰਨੀਆਂ ਖੋਜਾਂ ਕੀਤੀਆਂ ?

100 ☐ 200 ☐ 300 ☐ 280 ☐

(ਹ) ਕਿਸ ਦਾ ਨਾਂ ਪ੍ਰਸਿੱਧ ਵਿਗਿਆਨੀਆਂ ਵਿੱਚ ਗਿਣਿਆ ਜਾਂਦਾ ਹੈ ?

ਪਾਪਾ ਦਾ ☐ ਕੁਲਜੀਤ ਦਾ ☐ ਐਡੀਸਨ ਦਾ ☐ ਨਾਨਾ ਜੀ ਦਾ ☐



## ਵਿਆਕਰਨ

**1. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰ ਕੇ ਲਿਖੋ :**

(ੳ) ਹਨੇਰੇ ਤੋਂ ਢਰਦੇ ਬੱਚੇ ਹਨ। ..........ਬੱਚੇ ਹਨੇਰੇ ਤੋਂ ਡਰਦੇ ਹਨ।..........

(ਅ) ਮਾਂ ਰਸ਼ੋਈ ਬਿੱਚ ਸੀ। ..................................................

(ੲ) ਉੱਥੇ ਹਨੈਰਾ ਹੈ। ..................................................

(ਸ) ਸੁਣ ਰਹੇ ਪਾਪਾ ਸਨ। ..................................................

(ਹ) ਇਹ ਤੈਰਾ ਬਹਿਮ ਹੈ। ..................................................

**2. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਚੁਣ ਕੇ ਲਿਖੋ :**

(ਵਿਗਿਆਨੀ, ਰਿਪੋਰਟ-ਕਾਰਡ, ਸਿੱਖਿਅਕ)

(ੳ) ਖਾਣਾ ਬਣਾਉਣ ਵਾਲ਼ੀ ਥਾਂ ..............ਰਸੋਈ..............

(ਅ) ਜਿਸ ਉੱਪਰ ਪੇਪਰਾਂ ਵਿੱਚੋਂ ਮਿਲ਼ੇ ਅੰਕ ਲਿਖੇ ਹੋਣ ..................................

(ੲ) ਸਿੱਖਿਆ ਦੇਣ ਵਾਲ਼ਾ ..................................

(ਸ) ਵਿਗਿਆਨ ਨਾਲ਼ ਸੰਬੰਧਿਤ ਖੋਜ ਕਰਨ ਵਾਲ਼ਾ ..................................



## ਯੋਗਤਾ ਵਿਸਤਾਰ

- ਵਿਦਿਆਰਥੀ ਐਡੀਸਨ ਦੀਆਂ ਖੋਜਾਂ ਬਾਰੇ ਇੱਕ ਕੋਲਾਜ ਬਣਾਉਣ।
- ਵਿਦਿਆਰਥੀ ਸਾਇੰਸ ਅਧਿਆਪਕ ਤੋਂ ਪੁੱਛਣ ਕਿ ਪਰਛਾਵਾਂ ਕਿਵੇਂ ਬਣਦਾ ਹੈ ?



## ਅਧਿਆਪਕ ਲਈ

- ਅਧਿਆਪਕ ਸਾਹਿਬਾਨ ਵਿਦਿਆਰਥੀਆਂ ਨੂੰ ਐਡੀਸਨ ਦੇ ਜੀਵਨ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹੋਏ ਉਹਨਾਂ ਨੂੰ ਸਿਰੜ ਅਤੇ ਲਗਨ ਨਾਲ਼ ਮਿਹਨਤ ਕਰਨ ਲਈ ਪ੍ਰੇਰਨ।
- ਅਧਿਆਪਕ ਸਾਹਿਬਾਨ ਆਪਣੇ ਜੀਵਨ ਵਿੱਚੋਂ ਉਦਾਹਰਨਾਂ ਦੇ ਕੇ ਵੀ ਵਿਦਿਆਰਥੀਆਂ ਨੂੰ ਪ੍ਰੇਰ ਸਕਦੇ ਹਨ।




# ਬੁਗਨੀ

## ਪਾਠ ਬਾਰੇ ਚਰਚਾ

- ਕੀ ਤੁਹਾਡੇ ਕੋਲ਼ ਬੁਗਨੀ ਹੈ ?
- ਰੱਖੜੀ ਦਾ ਤਿਉਹਾਰ ਕਿਨ੍ਹਾਂ ਦੇ ਪਿਆਰ ਦਾ ਪ੍ਰਤੀਕ ਹੈ ?

**ਬੁਗਨੀ**—ਨਿੱਕੀ ਜਿਹੀ ਗੋਲਕ (money-box)। **ਪੈਲਾਂ ਪਾਉਣਾ**—ਨੱਚਣਾ (to dance)। **ਜ਼ੋਰ**—ਵੱਸ (controlling power)। **ਭੁੱਖੜ**—ਜਿਸ ਨੂੰ ਭੁੱਖ ਲੱਗਦੀ ਰਹਿੰਦੀ ਹੋਵੇ (ever hungry)।

ਮੇਰੀ **ਬੁਗਨੀ** ਨਵੀਂ ਨਕੋਰ
ਉੱਤੇ **ਪੈਲਾਂ ਪਾਉਂਦਾ** ਮੋਰ
ਕਹਿੰਦੀ 'ਪਾ ਰੁਪਈਏ ਹੋਰ'
ਮੇਰਾ ਚੱਲਦਾ ਨਾ ਕੋਈ **ਜ਼ੋਰ**
ਏਹਦੇ ਮੂੰਹ ਵਿੱਚ ਪੈਸੇ ਪਾਉਂਦਾ ਹਾਂ
**ਭੁੱਖੜ** ਨੂੰ ਰੋਜ਼ ਰਜਾਉਂਦਾ ਹਾਂ।





ਮੇਰੀ ਬੁਗਨੀ ਬੜੀ ਪਿਆਰੀ
ਹੁੰਦੀ ਜਾਵੇ ਭਾਰੀ-ਭਾਰੀ
ਹੁਣ ਇਹ ਪੈਸੇ ਖਾ-ਖਾ ਹਾਰੀ
'ਛੇਤੀ ਖੋਲ੍ਹੋ' ਕਹੇ ਵਿਚਾਰੀ
ਪਰ ਮੈਂ ਖੋਲ੍ਹਾਂਗਾ ਤਿਉਹਾਰ 'ਤੇ
ਕਿਸੇ ਸੋਹਣੇ ਜੇਹੇ ਦਿਨ ਵਾਰ 'ਤੇ।

ਆਇਆ ਰੱਖੜੀ ਦਾ ਤਿਉਹਾਰ
ਭੈਣਾਂ ਗੁੱਟ 'ਤੇ ਬੰਨ੍ਹਿਆ ਪਿਆਰ
ਨਾਲ਼ੇ ਦਿੱਤੀ **ਅਸੀਸ** ਹਜ਼ਾਰ
ਦੇਵਾਂ ਭੈਣਾਂ ਤੋਂ **ਜਿੰਦ** ਵਾਰ
ਬੁਗਨੀ ਹੀ ਹੱਥ ਫੜਾ ਦਿੱਤੀ
ਰੱਖੜੀ ਦੀ **ਰੀਤ** ਨਿਭਾ ਦਿੱਤੀ।



**ਅਸੀਸ**—ਅਸ਼ੀਰਵਾਦ (blessing)। **ਜਿੰਦ**—ਜ਼ਿੰਦਗੀ (life)।
**ਰੀਤ**—ਰਸਮ (custom)।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਬੁਗਨੀ ਵਿੱਚ ਕੀ ਪਾਇਆ ਜਾਂਦਾ ਹੈ ?

ਪੈਸੇ ☐ ਅਨਾਜ ☐ ਕੱਪੜੇ ☐ ਪਾਣੀ ☐

(ਅ) ਪੈਸੇ ਪਾਉਣ ਨਾਲ਼ ਬੁਗਨੀ ਕਿਹੋ ਜਿਹੀ ਹੋ ਜਾਂਦੀ ਹੈ?

ਹਲਕੀ ☐ ਭਾਰੀ ☐ ਖ਼ਾਲੀ ☐ ਮੈਲ਼ੀ ☐

(ੲ) ਕਵਿਤਾ ਅਨੁਸਾਰ ਬੱਚਾ ਬੁਗਨੀ ਨੂੰ ਕਦੋਂ ਖੋਲ੍ਹਣਾ ਚਾਹੁੰਦਾ ਹੈ ?

ਮੇਲੇ ਵਾਲ਼ੇ ਦਿਨ ☐ ਤਿਉਹਾਰ ਵਾਲ਼ੇ ਦਿਨ ☐

ਛੁੱਟੀ ਵਾਲ਼ੇ ਦਿਨ ☐ ਕਿਤਾਬ ਖ਼ਰੀਦਣ ਵੇਲ਼ੇ ☐

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਕਵਿਤਾ ਵਿੱਚ ਦੱਸੀ ਬੁਗਨੀ ਕਿਹੋ ਜਿਹੀ ਹੈ ?

ਉੱਤਰ ........................................................................

(ਅ) ਬੱਚਾ ਬੁਗਨੀ ਵਿੱਚ ਪੈਸੇ ਕਦੋਂ ਪਾਉਂਦਾ ਹੈ ?

ਉੱਤਰ ........................................................................

(ੲ) ਭੈਣਾਂ ਨੇ ਆਪਣੇ ਵੀਰ ਦੇ ਗੁੱਟ 'ਤੇ ਕੀ ਬੰਨ੍ਹਿਆ ?

ਉੱਤਰ ..........................................................................................

(ਸ) ਵੀਰ ਨੇ ਭੈਣਾਂ ਦੀਆਂ ਅਸੀਸਾਂ ਬਦਲੇ ਕੀ ਦਿੱਤਾ ?

ਉੱਤਰ ..........................................................................................

**3. ਹੇਠ ਲਿਖੀਆਂ ਕਾਵਿ-ਤੁਕਾਂ ਨੂੰ ਪੂਰਾ ਕਰੋ :**

(ੳ) ਮੇਰੀ ਬੁਗਨੀ ਨਵੀਂ ਨਕੋਰ

..........................................................

(ਅ) ਏਹਦੇ ਮੂੰਹ ਵਿੱਚ ਪੈਸੇ ਪਾਉਂਦਾ ਹਾਂ

..........................................................

(ੲ) ਹੁਣ ਇਹ ਪੈਸੇ ਖਾ-ਖਾ ਹਾਰੀ

..........................................................

(ਸ) ਆਇਆ ਰੱਖੜੀ ਦਾ ਤਿਉਹਾਰ

..........................................................

**4. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਬੁਗਨੀ | — | ਮੈਂ ਪੈਸੇ **ਬੁਗਨੀ** ਵਿੱਚ ਪਾਉਂਦਾ ਹਾਂ। (ਉਦਾਹਰਨ) |
| (ਅ) ਮੂੰਹ | — | .......................................................................... |
| (ੲ) ਤਿਉਹਾਰ | — | .......................................................................... |
| (ਸ) ਰੱਖੜੀ | — | .......................................................................... |
| (ਹ) ਅਸੀਸ | — | .......................................................................... |

**5. ਹੇਠਾਂ ਦਿੱਤੀਆਂ ਕਾਵਿ-ਸਤਰਾਂ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਮੇਰੀ ਬੁਗਨੀ ਬੜੀ ਪਿਆਰੀ
ਹੁੰਦੀ ਜਾਵੇ ਭਾਰੀ-ਭਾਰੀ
ਹੁਣ ਇਹ ਪੈਸੇ ਖਾ-ਖਾ ਹਾਰੀ
'ਛੇਤੀ ਖੋਲ੍ਹੋ' ਕਹੇ ਵਿਚਾਰੀ
ਪਰ ਮੈਂ ਖੋਲ੍ਹਾਂਗਾ ਤਿਉਹਾਰ 'ਤੇ
ਕਿਸੇ ਸੋਹਣੇ ਜੇਹੇ ਦਿਨ ਵਾਰ 'ਤੇ।

(ੳ) ਬੱਚੇ ਦੀ ਕਿਹੜੀ ਚੀਜ਼ ਬੜੀ ਪਿਆਰੀ ਹੈ ?

ਪੈੱਨਸਿਲ ☐ ਕਿਤਾਬ ☐ ਬੁਗਨੀ ☐ ਕਮੀਜ਼ ☐

(ਅ) ਬੁਗਨੀ ਕਿਵੇਂ ਦੀ ਹੁੰਦੀ ਜਾਂਦੀ ਹੈ ?

ਹਲਕੀ ☐ ਭਾਰੀ-ਭਾਰੀ ☐ ਗੰਦੀ ☐ ਖ਼ਰਾਬ ☐

(ੲ) ਬੁਗਨੀ ਕੀ ਖਾ-ਖਾ ਕੇ ਹੁਣ ਹਾਰ ਗਈ ਹੈ ?

ਪੈਸੇ ☐ ਰੋਟੀ ☐ ਕਾਗ਼ਜ਼ ☐ ਫਲ਼ ☐

(ਸ) ਹੁਣ ਬੁਗਨੀ ਕੀ ਕਹਿੰਦੀ ਹੈ ?

ਛੇਤੀ ਤੋੜੋ ☐ ਛੇਤੀ ਖੋਲ੍ਹੋ ☐

ਛੇਤੀ ਭਰੋ ☐ ਛੇਤੀ ਸਾਫ਼ ਕਰੋ ☐

(ਹ) ਬੱਚਾ ਬੁਗਨੀ ਨੂੰ ਕਦੋਂ ਖੋਲ੍ਹੇਗਾ ?

ਮੇਲੇ 'ਤੇ ☐ ਸਕੂਲ ਜਾਣ ਵੇਲ਼ੇ ☐ ਤਿਉਹਾਰ 'ਤੇ ☐ ਐਤਵਾਰ ਨੂੰ ☐




**1. ਹੇਠ ਦਿੱਤੇ ਸ਼ਬਦਾਂ ਦੇ ਵਚਨ ਬਦਲੋ :**

(ੳ) ਬੁਗਨੀ — ਬੁਗਨੀਆਂ

(ਅ) ਨਵੀਂ — ..............................

(ੲ) ਰੱਖੜੀ — ..............................

(ਸ) ਗੀਤ — ਗੀਤਾਂ

(ਹ) ਭੈਣ — ..............................

(ਕ) ਅਸੀਸ — ..............................

**2. ਇਸ ਪਾਠ ਵਿੱਚ 'ਬੁਗਨੀ' ਬਾਰੇ ਗੱਲ ਕਰਦਿਆਂ ਹੇਠ ਲਿਖੇ ਸ਼ਬਦ ਆਏ ਹਨ।**

ਨਵੀਂ ਨਕੋਰ, ਭੁੱਖੜ, ਪਿਆਰੀ, ਭਾਰੀ, ਵਿਚਾਰੀ

ਇਹ ਸਾਰੇ ਸ਼ਬਦ 'ਬੁਗਨੀ' ਦੀ ਵਿਸ਼ੇਸ਼ਤਾ ਦੱਸਦੇ ਹਨ। ਇਸ ਲਈ ਇਹ ਸਾਰੇ ਵਿਸ਼ੇਸ਼ਣ ਹਨ। ਹੇਠਾਂ ਦਿੱਤੇ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦ ਚੁਣ ਕੇ ਲਿਖੋ।

(ੳ) ਹਰਦੀਪ ਚੰਗੀ ਕੁੜੀ ਹੈ। ..............................

(ਅ) ਸੁਮਿਤ ਨੇ ਸੋਹਣੀ ਕਮੀਜ਼ ਪਾਈ ਹੈ। ..............................

(ੲ) ਉਹ ਵੱਡੇ ਮਕਾਨ ਵਿੱਚ ਰਹਿੰਦੇ ਹਨ। ..............................

(ਸ) ਉਹਨਾਂ ਦਾ ਮਕਾਨ ਭੀੜੀ ਗਲ਼ੀ ਵਿੱਚ ਹੈ। ..............................

(ਹ) ਕਰਨ ਦਾ ਕੱਦ ਲੰਮਾ ਹੈ। ..............................

(ਕ) ਉਸ ਕੋਲ਼ ਪੰਜ ਰੁਪਏ ਹਨ। ..............................



## ਯੋਗਤਾ ਵਿਸਤਾਰ

- ਤੁਸੀਂ ਵੀ ਆਪਣੇ ਲਈ ਇੱਕ ਸੁੰਦਰ ਜਿਹੀ ਬੁਗਨੀ ਖ਼ਰੀਦੋ ਅਤੇ ਹਰ ਰੋਜ਼ ਇਸ ਵਿੱਚ ਪੈਸੇ ਪਾਓ। ਫਿਰ ਦੱਸੋ ਕਿ ਤੁਸੀਂ ਇਹਨਾਂ ਪੈਸਿਆਂ ਦਾ ਕੀ ਕਰੋਗੇ ?



## ਅਧਿਆਪਕ ਲਈ

- ਅਧਿਆਪਕ ਬੱਚਿਆਂ ਨੂੰ ਬੱਚਤ ਕਰਨ ਦੀ ਪ੍ਰੇਰਨਾ ਦੇ ਸਕਦੇ ਹਨ। ਥੋੜ੍ਹਾ-ਥੋੜ੍ਹਾ ਕਰਕੇ ਜਦੋਂ ਪੈਸੇ ਇਕੱਠੇ ਹੋ ਜਾਂਦੇ ਹਨ ਤਾਂ ਬੱਚਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕੰਮ ਆ ਸਕਦੇ ਹਨ।




# ਪਿੱਠੂ ਗਰਮ

## ਪਾਠ ਬਾਰੇ ਚਰਚਾ

- ਕੀ ਤੁਸੀਂ ਕਦੇ ਪਿੱਠੂ ਗਰਮ ਖੇਡਿਆ ਹੈ ?
- ਪਿੱਠੂ ਗਰਮ ਤੋਂ ਇਲਾਵਾ ਤੁਸੀਂ ਹੋਰ ਕਿਹੜੀ ਖੇਡ ਖੇਡਦੇ ਹੋ ?

ਸਵੀ ਛੁੱਟੀਆਂ ਵਿੱਚ ਆਪਣੇ ਚਾਚਾ ਜੀ ਕੋਲ਼ ਆਇਆ ਹੋਇਆ ਸੀ। ਸਵੀ ਆਪਣੇ ਮਾਤਾ-ਪਿਤਾ ਨਾਲ਼ ਇੰਗਲੈਂਡ ਰਹਿੰਦਾ ਸੀ। ਉਸ ਦੇ ਚਾਚਾ ਜੀ ਦਾ ਘਰ ਪਿੰਡ ਵਿੱਚ ਸੀ। ਪਰ ਘਰ ਕਾਫ਼ੀ ਵੱਡਾ ਸੀ ਤੇ ਘਰ ਦੇ ਬਾਹਰ ਇੱਕ ਖੁੱਲ੍ਹਾ ਮੈਦਾਨ ਸੀ, ਜਿੱਥੇ ਬੱਚੇ ਸਵੇਰੇ-ਸ਼ਾਮ ਖੇਡਿਆ ਕਰਦੇ ਸਨ।

ਸਵੀ ਵੀਡੀਓ ਗੇਮ ਖੇਡਣ ਵਿੱਚ ਲੱਗਿਆ ਰਹਿੰਦਾ ਸੀ। ਉਹ ਕਿਸੇ ਨਾਲ਼ ਜ਼ਿਆਦਾ ਗੱਲ-ਬਾਤ ਵੀ ਨਹੀਂ ਸੀ ਕਰਦਾ। ਬੱਸ ਘੰਟਿਆਂ ਬੱਧੀ ਉਹ ਵੀਡੀਓ ਗੇਮ ਖੇਡਦਾ ਰਹਿੰਦਾ ਸੀ। ਉਸ ਦੇ ਮੰਮੀ-ਪਾਪਾ ਉਸ ਨੂੰ ਬਹੁਤ ਸਮਝਾਉਂਦੇ ਸਨ ਕਿ ਜ਼ਿਆਦਾ ਦੇਰ ਵੀਡੀਓ ਗੇਮ ਖੇਡਣ ਨਾਲ਼ ਅੱਖਾਂ ਖ਼ਰਾਬ ਹੋ ਜਾਂਦੀਆਂ ਹਨ ਅਤੇ ਦਿਮਾਗ਼ 'ਤੇ ਵੀ ਬੁਰਾ ਅਸਰ ਪੈਂਦਾ ਹੈ। ਪਰ ਸਵੀ ਬਹੁਤ ਜ਼ਿੱਦੀ ਤੇ ਚਿੜਚਿੜਾ ਹੋ ਗਿਆ ਸੀ। ਪਿੰਡ ਵਿੱਚ ਆਇਆਂ ਅਜੇ ਦੂਸਰਾ ਹੀ ਦਿਨ ਸੀ, ਜਦੋਂ ਸਵੀ ਖਿੜਕੀ ਲਾਗੇ ਬੈਠਾ ਵੀਡੀਓ ਗੇਮ ਖੇਡ ਰਿਹਾ ਸੀ। ਉਸ ਨੂੰ ਬੱਚਿਆਂ ਦੀ ਉੱਚੀ-ਉੱਚੀ ਹੱਸਣ, ਰੌਲ਼ਾ ਪਾਉਣ ਤੇ 'ਪਿੱਠੂ

ਕਾਫ਼ੀ—ਬਹੁਤ (enough)।
ਬੁਰਾ—ਭੈੜਾ (bad)।



ਗਰਮ' ਦੀ ਅਵਾਜ਼ ਸੁਣਾਈ ਦਿੱਤੀ। ਸਵੀ ਨੇ ਖਿੜਕੀ ਵਿੱਚੋਂ ਬਾਹਰ ਵੇਖਿਆ। ਬੱਚੇ ਗੇਂਦ ਨਾਲ਼ ਖੇਡ ਰਹੇ ਸਨ। ਉਹਨਾਂ ਸੱਤ ਪੱਥਰਾਂ ਨੂੰ ਇੱਕ-ਦੂਜੇ ਉੱਪਰ ਰੱਖ ਕੇ ਇੱਕ ਢੇਰੀ ਜਿਹੀ ਬਣਾ ਲਈ। ਫਿਰ ਉਹਨਾਂ ਵਿੱਚੋਂ ਇੱਕ ਬੱਚੇ ਨੇ ਉਸ ਢੇਰੀ ਤੋਂ ਦੂਰ ਜ਼ਮੀਨ 'ਤੇ ਖਿੱਚੀ ਲਕੀਰ ਦੇ ਪਾਰ ਖਲੋ ਕੇ ਗੇਂਦ ਪੱਥਰਾਂ ਦੀ ਢੇਰੀ 'ਤੇ ਮਾਰੀ। ਪਰ ਗੇਂਦ ਪੱਥਰਾਂ ਨੂੰ ਲੱਗੀ ਨਾ। ਦੂਜੀ ਵਾਰ ਵੀ ਉਸ ਦਾ ਨਿਸ਼ਾਨਾ ਖੁੰਝ ਗਿਆ। ਪਰ ਤੀਸਰੀ ਵਾਰ ਗੇਂਦ ਸਿੱਧੀ ਪੱਥਰਾਂ ਦੀ ਢੇਰੀ ਨਾਲ਼ ਜਾ ਟਕਰਾਈ। ਬਾਕੀ ਬੱਚੇ ਗੇਂਦ ਨੂੰ ਚੁੱਕਣ ਲਈ ਦੌੜਨ ਲੱਗੇ ਪਰ ਤਦ ਤੱਕ ਗੇਂਦ ਸੁੱਟਣ ਵਾਲ਼ੇ ਦੇ ਸਾਥੀ ਨੇ ਇੱਕ ਦੇ ਉੱਪਰ ਦੂਜਾ ਪੱਥਰ ਟਿਕਾ ਕੇ ਉੱਚੀ ਅਵਾਜ਼ ਵਿੱਚ ਬੋਲਿਆ "ਪਿੱਠੂ ਗਰਮ"। ਸਭ ਖ਼ੁਸ਼ੀ ਵਿੱਚ ਛਾਲਾਂ ਮਾਰਨ ਲੱਗੇ।

ਲਕੀਰ—ਲੀਕ (line)। ਖੁੰਝਣਾ—ਖ਼ਾਲੀ ਜਾਣਾ (miss)। ਦੌੜਨ—ਭੱਜਣ (run)। ਟਿਕਾ—ਟਿਕਾਉਣਾ (put on)। ਪ੍ਰਾਚੀਨ—ਪੁਰਾਣੀ (old)। ਸਾਥੀਆਂ—ਦੋਸਤਾਂ (friends)।

ਪਿੰਡ ਦੇ ਬੱਚਿਆਂ ਨੂੰ ਇੰਝ ਖ਼ੁਸ਼-ਖ਼ੁਸ਼ ਖੇਡਦਿਆਂ ਵੇਖ ਕੇ ਸਵੀ ਨੇ ਆਪਣੇ ਚਾਚਾ ਜੀ ਨੂੰ ਪੁੱਛਿਆ "ਚਾਚਾ ਜੀ ਇਸ ਖੇਡ ਦਾ ਕੀ ਨਾਂ ਹੈ?" ਚਾਚਾ ਜੀ ਨੇ ਕਿਹਾ "ਪਿੱਠੂ ਗਰਮ। ਇਹ ਖੇਡ ਖੇਡਣ ਵਿੱਚ ਬੜਾ ਮਜ਼ਾ ਆਉਂਦਾ ਹੈ। ਨਿੱਕੇ ਹੁੰਦਿਆਂ ਮੈਂ ਵੀ ਬਹੁਤ ਖੇਡਦਾ ਹੁੰਦਾ ਸੀ।"



ਸਵੀ ਕਹਿਣ ਲੱਗਾ, "ਪਰ ਮੈਂ ਤਾਂ ਕਦੇ ਇਹਦੇ ਬਾਰੇ ਸੁਣਿਆ ਹੀ ਨਹੀਂ।" ਚਾਚਾ ਜੀ ਕਹਿਣ ਲੱਗੇ, "ਬੇਟਾ ਇਹ ਪਿੰਡਾਂ ਦੀ ਖੇਡ ਹੈ। ਇਹ ਤਾਂ ਬਹੁਤ ਪ੍ਰਾਚੀਨ ਖੇਡ ਹੈ। ਕਿਹਾ ਜਾਂਦਾ ਹੈ ਕਿ ਭਗਵਾਨ ਸ੍ਰੀ ਕ੍ਰਿਸ਼ਨ ਵੀ ਆਪਣੇ ਸਾਥੀਆਂ ਨਾਲ਼ ਇਹ ਖੇਡ ਖੇਡਿਆ ਕਰਦੇ ਸਨ।" ਏਨੇ ਵਿੱਚ ਫਿਰ ਬਾਹਰੋਂ ਉੱਚੀ-ਉੱਚੀ ਅਵਾਜ਼ਾਂ ਆਈਆਂ "ਪਿਠੂ ਗਰਮ ਏ।"

ਸਵੀ ਦਾ ਜੀਅ ਕੀਤਾ ਕਿ ਉਹ ਖੇਡ ਕੇ ਵੇਖੇ। ਚਾਚਾ ਜੀ ਉਸ ਨੂੰ ਲੈ ਕੇ ਬੱਚਿਆਂ ਕੋਲ਼ ਗਏ ਅਤੇ

ਕਹਿਣ ਲੱਗੇ, "ਬਈ! ਇਹ ਮੇਰਾ ਵਲੈਤੀ ਭਤੀਜਾ ਹੈ ਸਵੀ। ਇਹ ਵੀ ਪਿੱਠੂ ਗਰਮ ਖੇਡਣਾ ਚਾਹੁੰਦਾ ਹੈ। ਇਹਨੂੰ ਵੀ ਖਿਡਾਓ।"

ਪਿੰਡ ਦਾ ਇੱਕ ਬੱਚਾ ਮੱਖਣ ਕਹਿਣ ਲੱਗਾ, "ਆ ਜਾ ਵੀਰੇ ਆ ਜਾ, ਲੈ ਤੂੰ ਸਾਡੀ ਟੀਮ ਵਿੱਚ ਆ ਜਾ।"

ਦੋ ਟੀਮਾਂ ਸਨ। ਹਰ ਟੀਮ ਵਿੱਚ ਹੁਣ 7-7 ਖਿਡਾਰੀ ਸਨ। ਮੱਖਣ ਨੇ ਸਵੀ ਨੂੰ ਸਮਝਾਇਆ ਕਿਵੇਂ ਲਕੀਰ 'ਤੇ ਖਲੋ ਕੇ ਗੇਂਦ ਨਾਲ਼ ਪੱਥਰ ਗੀਟਿਆਂ ਨੂੰ ਢਾਹੁਣਾ ਹੈ ਤੇ ਢਾਹ ਕੇ ਦੂਜਿਆਂ ਦੀ ਗੇਂਦ ਤੋਂ ਬਚਣਾ ਹੈ ਤਾਂ ਢੇਰੀ ਦੁਬਾਰਾ ਬਣਾ ਕੇ "ਪਿੱਠੂ ਗਰਮ" ਆਖਣਾ ਹੈ। ਸਵੀ ਜਲਦੀ ਹੀ ਪਿੱਠੂ ਗਰਮ ਦੇ ਨਿਯਮ ਸਮਝ ਗਿਆ।

ਉਹ ਪਿੱਠੂ ਗਰਮ ਖੇਡਣ ਵਿੱਚ ਏਨਾ ਮਸਤ ਹੋ ਗਿਆ ਕਿ ਉਹ ਵੀਡੀਓ ਗੇਮ ਵੀ ਭੁੱਲ ਗਿਆ। ਦੌੜ-ਦੌੜ ਉਸ ਨੂੰ ਖ਼ੂਬ ਪਸੀਨਾ ਵੀ ਆਇਆ। ਸਵੀ ਦੇ ਮੰਮੀ-ਪਾਪਾ ਅਤੇ ਉਸ ਦੇ ਚਾਚਾ ਜੀ ਉਸ ਨੂੰ ਬਾਕੀ ਬੱਚਿਆਂ ਨਾਲ਼ ਇੰਝ ਖੇਡਦਿਆਂ ਵੇਖ ਕੇ ਬਹੁਤ ਖ਼ੁਸ਼ ਹੋ ਰਹੇ ਸਨ।

ਚਾਚਾ ਜੀ ਕਹਿਣ ਲੱਗੇ, "ਇਸ ਉਮਰ ਵਿੱਚ ਦੌੜਨਾ, ਭੱਜਣਾ, ਹੱਸਣਾ, ਖੇਡਣਾ ਬਹੁਤ ਜ਼ਰੂਰੀ ਹੁੰਦਾ ਹੈ। ਇਕੱਲਿਆਂ ਲਗਾਤਾਰ ਵੀਡੀਓ ਗੇਮ ਖੇਡਣਾ ਸਿਹਤ ਲਈ ਬਹੁਤ ਨੁਕਸਾਨਦਾਇਕ ਹੁੰਦਾ ਹੈ।"

> ਵਲੈਤੀ—ਵਿਦੇਸ਼ੀ (foreigner)।
> ਨਿਯਮ—ਕਾਨੂੰਨ (rules)।

ਬਾਹਰ ਮੈਦਾਨ ਵਿੱਚ ਸਵੀ ਦੀ ਗੇਂਦ ਸੁੱਟਣ ਦੀ ਵਾਰੀ ਸੀ। ਉਸ ਨੇ ਨਿਸ਼ਾਨਾ ਲਾ ਕੇ ਗੇਂਦ ਸੁੱਟੀ। ਗੇਂਦ ਗੀਟਿਆਂ ਵਿੱਚ ਵੱਜੀ ਤੇ ਗੇਂਦ ਦੇ ਵਾਪਸ ਆਉਣ ਤੋਂ ਪਹਿਲਾਂ ਹੀ ਸਵੀ ਗੀਟਿਆਂ ਨੂੰ ਇੱਕ ਦੂਜੇ 'ਤੇ ਰੱਖ ਕੇ ਢੇਰੀ ਬਣਾ ਕੇ, ਉੱਚੀ ਅਵਾਜ਼ ਵਿੱਚ "ਪਿੱਠੂ ਗਰਮ, ਪਿੱਠੂ ਗਰਮ" ਆਖ ਕੇ ਟੱਪਣ ਲੱਗ ਪਿਆ।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਸਵੀ ਦੇ ਚਾਚਾ ਜੀ ਦਾ ਘਰ ਕਿੱਥੇ ਸੀ ?

ਸ਼ਹਿਰ ਵਿੱਚ ☐ ਪਿੰਡ ਵਿੱਚ ☐ ਖੇਤਾਂ ਵਿੱਚ ☐ ਚੰਡੀਗੜ੍ਹ ☐

(ਅ) ਸਵੀ ਕਿਹੜੀ ਖੇਡ ਖੇਡਣ ਵਿੱਚ ਮਸਤ ਰਹਿੰਦਾ ਸੀ ?

ਹਾਕੀ ☐ ਫੁੱਟਬਾਲ ☐ ਵੀਡੀਓ ਗੇਮ ☐ ਪਿੱਠੂ ਗਰਮ ☐

(ੲ) ਵੀਡੀਓ ਗੇਮ ਦਾ ਕਿਸ ਉੱਤੇ ਬੁਰਾ ਅਸਰ ਪੈਂਦਾ ਹੈ ?

ਹੱਥਾਂ ☐ ਦਿਲ ☐ ਦਿਮਾਗ਼ ☐ ਪੈਰਾਂ ☐

(ਸ) ਪਿੱਠੂ ਗਰਮ ਖੇਡਣ ਲਈ ਕਿਸ ਦੀ ਢੇਰੀ ਬਣਾਈ ਜਾਂਦੀ ਹੈ ?

ਪਿੱਠੂ ਦੀ ☐ ਪਲੇਟਾਂ ਦੀ ☐ ਪੱਥਰਾਂ ਦੀ ☐ ਗੇਂਦਾਂ ਦੀ ☐

(ਹ) ਪਿੱਠੂ ਗਰਮ ਖੇਡਣ ਵਿੱਚ ਮਸਤ ਸਵੀ ਕੀ ਭੁੱਲ ਗਿਆ ?

ਪੜ੍ਹਨਾ ☐ ਨਹਾਉਣਾ ☐ ਵੀਡੀਓ ਗੇਮ ☐ ਭੁੱਖ ☐

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਸਵੀ ਛੁੱਟੀਆਂ ਵਿੱਚ ਕਿਸ ਕੋਲ਼ ਆਇਆ ਸੀ ?

ਉੱਤਰ ..............................................................................

(ਅ) ਸਵੀ ਕਿੱਥੇ ਰਹਿੰਦਾ ਸੀ ?

ਉੱਤਰ ..............................................................................

(ੲ) ਕੀ ਵੀਡੀਓ ਗੇਮ ਖੇਡਣ ਨਾਲ਼ ਅੱਖਾਂ ਖ਼ਰਾਬ ਹੋ ਜਾਂਦੀਆਂ ਹਨ ?

ਉੱਤਰ ..............................................................................

(ਸ) ਪਾਠ ਅਨੁਸਾਰ ਬੱਚੇ ਕਿਹੜੀ ਖੇਡ, ਖੇਡ ਰਹੇ ਸਨ ?

ਉੱਤਰ ..............................................................................

(ਹ) ਬਚਪਨ ਵਿੱਚ ਕੌਣ ਆਪਣੇ ਸਾਥੀਆਂ ਨਾਲ਼ ਪਿੱਠੂ ਗਰਮ ਖੇਡਦੇ ਸਨ ?

ਉੱਤਰ ..............................................................................

**3. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ੳ) ਘਰ ਕਾਫ਼ੀ ...................... ਸੀ। (ਵੱਡਾ, ਛੋਟਾ)

(ਅ) ਸਵੀ ਬਹੁਤ ਜ਼ਿੱਦੀ ਅਤੇ ...................... ਹੋ ਗਿਆ। (ਮੋਟਾ, ਚਿੜਚਿੜਾ)

(ੲ) ਸਵੀ ਨੇ ...................... ਵਿੱਚੋਂ ਬਾਹਰ ਵੇਖਿਆ। (ਖਿੜਕੀ, ਕਮਰੇ)

(ਸ) ਇਹ ਬਹੁਤ ...................... ਖੇਡ ਹੈ। (ਪ੍ਰਾਚੀਨ, ਦਿਲਚਸਪ)

(ਹ) ਉਸ ਨੇ ...................... ਲਾ ਕੇ ਗੇਂਦ ਸੁੱਟੀ। (ਨਿਸ਼ਾਨਾ, ਜ਼ੋਰ)

**4. ਪਾਠ ਅਨੁਸਾਰ ਸਹੀ ਵਾਕ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ। ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ :**

(ੳ) ਸਵੀ ਕਨੇਡਾ ਪੜ੍ਹਦਾ ਸੀ। ☐

(ਅ) ਘਰ ਦੇ ਬਾਹਰ ਖੁੱਲ੍ਹਾ ਮੈਦਾਨ ਸੀ। ☐

(ੲ) ਵੀਡੀਓ ਗੇਮ ਖੇਡਣ ਨਾਲ਼ ਕੰਨ ਖ਼ਰਾਬ ਹੋ ਜਾਂਦੇ ਹਨ। ☐

(ਸ) ਪਿੱਠੂ ਗਰਮ ਪਿੰਡਾਂ ਦੀ ਖੇਡ ਹੈ। ☐

(ਹ) ਪਿੱਠੂ ਗਰਮ ਖੇਡ ਕੇ ਸਵੀ ਨੂੰ ਖ਼ੂਬ ਪਸੀਨਾ ਆਇਆ। ☐

**5. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਛੁੱਟੀਆਂ | — | ਅਸੀਂ ਛੁੱਟੀਆਂ ਵਿੱਚ ਘੁੰਮਣ ਗਏ। (ਉਦਾਹਰਨ) |
| (ਅ) ਮੈਦਾਨ | — | ................................................ |
| (ੲ) ਖਿੜਕੀ | — | ................................................ |
| (ਸ) ਪੱਥਰ | — | ................................................ |
| (ਹ) ਪ੍ਰਾਚੀਨ | — | ................................................ |
| (ਕ) ਗੇਂਦ | — | ................................................ |

**6. ਹੇਠਾਂ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਪਿੰਡ ਵਿੱਚ ਆਇਆਂ ਅਜੇ ਦੂਸਰਾ ਹੀ ਦਿਨ ਸੀ, ਜਦੋਂ ਸਵੀ ਖਿੜਕੀ ਲਾਗੇ ਬੈਠਾ ਵੀਡੀਓ ਗੇਮ ਖੇਡ ਰਿਹਾ ਸੀ। ਉਸ ਨੂੰ ਬੱਚਿਆਂ ਦੀ ਉੱਚੀ-ਉੱਚੀ ਹੱਸਣ, ਰੌਲ਼ਾ ਪਾਉਣ ਤੇ 'ਪਿੱਠੂ ਗਰਮ' ਦੀ ਅਵਾਜ਼ ਸੁਣਾਈ ਦਿੱਤੀ। ਸਵੀ ਨੇ ਖਿੜਕੀ ਵਿੱਚੋਂ ਬਾਹਰ ਵੇਖਿਆ। ਬੱਚੇ ਗੇਂਦ ਨਾਲ਼ ਖੇਡ ਰਹੇ ਸਨ। ਉਹਨਾਂ ਸੱਤ ਪੱਥਰਾਂ ਨੂੰ ਇੱਕ-ਦੂਜੇ ਉੱਪਰ ਰੱਖ ਕੇ ਇੱਕ ਢੇਰੀ ਜਿਹੀ ਬਣਾ ਲਈ। ਫਿਰ ਉਹਨਾਂ ਵਿੱਚੋਂ ਇੱਕ ਬੱਚੇ ਨੇ ਉਸ ਢੇਰੀ ਤੋਂ ਦੂਰ ਜ਼ਮੀਨ 'ਤੇ ਖਿੱਚੀ ਲਕੀਰ ਦੇ ਪਾਰ ਖਲੋ ਕੇ ਗੇਂਦ ਪੱਥਰਾਂ ਦੀ ਢੇਰੀ 'ਤੇ ਮਾਰੀ। ਪਰ ਗੇਂਦ ਪੱਥਰਾਂ ਨੂੰ ਲੱਗੀ ਨਾ। ਦੂਜੀ ਵਾਰ ਵੀ ਉਸ ਦਾ ਨਿਸ਼ਾਨਾ ਖੁੰਝ ਗਿਆ। ਪਰ ਤੀਸਰੀ ਵਾਰ ਗੇਂਦ ਸਿੱਧੀ ਪੱਥਰਾਂ ਦੀ ਢੇਰੀ ਨਾਲ਼ ਜਾ ਟਕਰਾਈ।

(ੳ) ਸਵੀ ਨੂੰ ਪਿੰਡ ਆਇਆਂ ਕਿਨਵਾਂ ਦਿਨ ਸੀ ?

ਦੂਸਰਾ ☐ ਪਹਿਲਾ ☐ ਤੀਸਰਾ ☐ ਚੌਥਾ ☐

(ਅ) ਸਵੀ ਖਿੜਕੀ ਕੋਲ਼ ਬੈਠਾ ਕੀ ਖੇਡ ਰਿਹਾ ਸੀ ?

ਗੀਟੇ ☐ ਸ਼ਤਰੰਜ ☐ ਵੀਡੀਓ ਗੇਮ ☐ ਲੁੱਡੋ ☐

(ੲ) ਸਵੀ ਨੂੰ ਕਾਹਦੀ ਅਵਾਜ਼ ਸੁਣਾਈ ਦਿੱਤੀ ?

ਪਿੱਠੂ ਗਰਮ ਦੀ ☐ ਕੁਲਫ਼ੀ ਵਾਲ਼ੇ ਦੀ ☐

ਸਬਜ਼ੀ ਵਾਲ਼ੇ ਦੀ ☐ ਚਾਚਾ ਜੀ ਦੀ ☐

(ਸ) ਬੱਚੇ ਕਿਸ ਨਾਲ਼ ਖੇਡ ਰਹੇ ਸਨ ?

ਬੰਟਿਆਂ ਨਾਲ਼ ☐ ਫੁੱਟਬਾਲ ਨਾਲ਼ ☐

ਗੇਂਦ ਨਾਲ਼ ☐ ਹਾਕੀ ਨਾਲ਼ ☐

(ਹ) ਕਿੰਨੇ ਪੱਥਰਾਂ ਦੀ ਢੇਰੀ ਬਣਾਈ ਗਈ ?

ਚਾਰ ☐ ਪੰਜ ☐ ਛੇ ☐ ਸੱਤ ☐




## 1. ਇੱਕ-ਵਚਨ ਅਤੇ ਬਹੁ-ਵਚਨ ਵੱਖ-ਵੱਖ ਕਰਕੇ ਲਿਖੋ—

(ਛੁੱਟੀਆਂ, ਪਿੰਡ, ਮੈਦਾਨ, ਖੇਡ, ਬੱਚੇ, ਗੇਂਦਾਂ, ਪੱਥਰ, ਭਤੀਜੇ, ਖਿਡਾਰੀ, ਗੀਟੇ)

| ਇੱਕ-ਵਚਨ | ਬਹੁ-ਵਚਨ |
|---|---|
| ........ਪਿੰਡ.......... | ........ਛੁੱਟੀਆਂ........ |
| .......................... | .......................... |
| .......................... | .......................... |
| .......................... | .......................... |
| .......................... | .......................... |

## 2. ਲਿੰਗ ਬਦਲ ਕੇ ਦੁਬਾਰਾ ਲਿਖੋ :

(ੳ) ਚਾਚਾ ........ਚਾਚੀ..........  (ੲ) ਬੱਚਾ ..........................

(ਅ) ਮੰਮੀ ..........................  (ਸ) ਭਤੀਜਾ ..........................



## ਯੋਗਤਾ ਵਿਸਤਾਰ

- ਤੁਹਾਨੂੰ ਜਿਹੜੀ ਖੇਡ ਪਸੰਦ ਹੈ ਉਸ ਬਾਰੇ ਪੰਜ ਵਾਕ ਲਿਖੋ।

..............................................................................................................

..............................................................................................................

..............................................................................................................

..............................................................................................................

..............................................................................................................

- ਵਿਦਿਆਰਥੀ ਵੀਡੀਓ ਗੇਮਾਂ ਤੋਂ ਹੋਣ ਵਾਲ਼ੇ ਨੁਕਸਾਨ ਨੂੰ ਜਮਾਤ ਵਿੱਚ ਸਾਂਝਾ ਕਰਨ।



## ਅਧਿਆਪਕ ਲਈ

- ਅਧਿਆਪਕ ਸਾਹਿਬਾਨ ਵਿਦਿਆਰਥੀਆਂ ਨੂੰ ਪਿੱਠੂ ਗਰਮ ਵਰਗੀਆਂ ਹੋਰ ਦੇਸੀ ਖੇਡਾਂ ਬਾਰੇ ਦੱਸ ਕੇ ਵਿਦਿਆਰਥੀਆਂ ਨੂੰ ਖੇਡਣ ਲਈ ਪ੍ਰੇਰਨ ਅਤੇ ਵੀਡੀਓ ਗੇਮਾਂ ਦੇ ਨੁਕਸਾਨ ਦੱਸ ਕੇ ਉਹਨਾਂ ਤੋਂ ਦੂਰ ਰਹਿਣ ਲਈ ਸਮਝਾਉਣ।



9
ਪਾਠ

# ਕੁੱਤੇ ਨੂੰ ਮਾਲਕ ਕਿਵੇਂ ਲੱਭਾ?

## ਪਾਠ ਬਾਰੇ ਚਰਚਾ

- 'ਸ਼ੇਰ ਜੰਗਲ਼ ਦਾ ਰਾਜਾ' ਤੁਕ ਤੋਂ ਕੀ ਭਾਵ ਹੈ ?
- ਕੀ ਤੁਹਾਡੇ ਕੋਲ਼ ਕੋਈ ਪਾਲਤੂ ਜਾਨਵਰ ਹੈ ?
- ਤੁਹਾਨੂੰ ਸਭ ਤੋਂ ਤਾਕਤਵਰ ਜਾਨਵਰ ਕੌਣ ਲੱਗਦਾ ਹੈ ਅਤੇ ਕਿਉਂ ?

ਬਹੁਤ ਪਹਿਲਾਂ ਦੀ ਗੱਲ ਹੈ, ਕੁੱਤੇ ਵੀ ਹੋਰ ਜਾਨਵਰਾਂ ਵਾਂਗ ਜੰਗਲ਼ਾਂ ਵਿੱਚ ਅਜ਼ਾਦ ਰਿਹਾ ਕਰਦੇ ਸਨ। ਉਹ ਆਪਣੀ ਮਰਜ਼ੀ ਦੇ ਆਪ ਮਾਲਕ ਸਨ। ਇੱਕ ਦਿਨ ਇੱਕ ਕੁੱਤਾ ਇਸ ਤਰ੍ਹਾਂ ਦੀ ਭਟਕਣ ਤੋਂ ਤੰਗ ਆ ਗਿਆ। ਉਹ ਹੋਰ ਜਾਨਵਰਾਂ ਤੋਂ ਡਰ ਕੇ ਰਹਿਣ ਵਾਲ਼ੀ ਜ਼ਿੰਦਗੀ ਤੋਂ ਉਦਾਸ ਹੋ ਗਿਆ।

ਭਟਕਣ—ਬੇਮਤਲਬ ਤੁਰੇ ਫਿਰਨਾ (wandering)।
ਬੂਥਣੀ—ਮੂੰਹ (mouth)।

ਉਸ ਦੇ ਮਨ ਵਿੱਚ ਆਇਆ ਕਿ ਕਿਉਂ ਨਾ ਉਹ ਕਿਸੇ ਆਪ ਤੋਂ ਤਕੜੇ ਦੀ ਸ਼ਰਨ ਵਿੱਚ ਆ ਜਾਵੇ। ਫਿਰ ਉਸ ਨੂੰ ਕਿਸੇ ਦਾ ਡਰ ਨਹੀਂ ਰਹੇਗਾ। ਸੋ, ਉਹ ਆਪਣੇ ਤੋਂ ਤਕੜਾ ਮਾਲਕ ਲੱਭਣ ਦੀ ਤਿਆਰੀ ਵਿੱਚ ਚੱਲ ਪਿਆ। ਚਲੋ-ਚਾਲ, ਚਲੋ-ਚਾਲ ਉਹ ਤੁਰਦਾ ਗਿਆ। ਰਾਹ ਵਿੱਚ ਉਸ ਨੂੰ ਰਿੱਛ ਮਿਲ਼ਿਆ। ਉਹ ਬੜਾ ਖ਼ਤਰਨਾਕ ਸੀ।



"ਕਿੱਧਰ ਚਲਿਐਂ ਭਰਾਵਾ ?" ਰਿੱਛ ਨੇ ਉਸ ਨੂੰ ਪੁੱਛਿਆ।


"ਮੈਂ ਕਿਸੇ ਦੀ ਨੌਕਰੀ ਕਰਨ ਚੱਲਿਆ ਹਾਂ। ਕੀ ਤੂੰ ਮੇਰਾ ਮਾਲਕ ਬਣਨਾ ਪਸੰਦ ਕਰੇਂਗਾ ?" ਕੁੱਤੇ ਨੇ ਰਿੱਛ ਨੂੰ ਪੁੱਛਿਆ।

"ਕਿਉਂ ਨਹੀਂ, ਕਿਉਂ ਨਹੀਂ" ਰਿੱਛ ਨੇ ਆਖਿਆ। ਫਿਰ ਦੋਵੇਂ ਜਣੇ ਅਗਾਂਹ ਚੱਲ ਪਏ। ਚਲੋ-ਚਾਲ, ਚਲੋ-ਚਾਲ, ਉਹ ਅਗਾਂਹ ਵੱਲ ਨੂੰ ਚਲਦੇ ਗਏ। ਅਚਾਨਕ ਰਿੱਛ ਨੇ ਆਪਣੀ ਬੂਥਣੀ ਉਤਾਂਹ ਚੁੱਕੀ

ਅਤੇ ਨਾਸਾਂ ਫੁੰਕਾਰੀਆਂ। ਫਿਰ ਉਹ ਇਕਦਮ ਰਾਹੋਂ ਲਾਂਭੇ ਹੋ ਗਿਆ। ਉਹ ਝਾੜੀਆਂ ਵਿੱਚੋਂ ਦੀ ਹੁੰਦਾ ਹੋਇਆ ਜੰਗਲ਼ ਵੱਲ ਨੂੰ ਹੋ ਲਿਆ। ਕੁੱਤਾ ਬੜਾ ਹੈਰਾਨ ਹੋਇਆ।

"ਕੀ ਹੋ ਗਿਆ ਮਾਲਕ ? ਕਿਹੜੀ ਗੱਲੋਂ ਡਰ ਗਿਆ ਤੂੰ ?" ਕੁੱਤੇ ਨੇ ਪੁੱਛਿਆ।

"ਤੈਨੂੰ ਨਹੀਂ ਦਿਸਦਾ ? ਓਧਰ ਦੇਖ ਬਘਿਆੜ ਆਉਂਦਾ ਪਿਆ ਏ। ਉਹ ਸਾਨੂੰ ਦੋਹਾਂ ਨੂੰ ਖਾ ਜਾਏਗਾ।" ਰਿੱਛ ਨੇ ਕਿਹਾ।



ਇਹ ਦੇਖ ਕੇ ਕਿ ਬਘਿਆੜ, ਰਿੱਛ ਨਾਲ਼ੋਂ ਤਕੜਾ ਹੈ, ਕੁੱਤੇ ਨੇ ਬਘਿਆੜ ਨੂੰ ਮਾਲਕ ਬਣਾਉਣ ਦੀ ਸੋਚ ਲਈ। ਉਹਨੇ ਬਘਿਆੜ ਨੂੰ ਪੁੱਛਿਆ, "ਤੂੰ ਮੈਨੂੰ ਆਪਣਾ ਨੌਕਰ ਰੱਖਣਾ ਚਾਹੇਂਗਾ ?" ਬਘਿਆੜ ਮੰਨ ਗਿਆ।

ਚਲੋ-ਚਾਲ, ਚਲੋ-ਚਾਲ, ਉਹ ਅਗਾਂਹ ਵਧਦੇ ਗਏ। ਅੱਗੇ ਜਾ ਕੇ ਉਹਨਾਂ ਨੇ ਸ਼ੇਰ ਦੇ ਦਹਾੜਨ ਦੀ ਅਵਾਜ਼ ਸੁਣੀ। ਬਘਿਆੜ ਤੇਜ਼ੀ ਨਾਲ, ਪੁੱਠੇ-ਪੈਰੀਂ ਜੰਗਲ਼ ਵੱਲ ਨੂੰ ਦੌੜ ਪਿਆ।

"ਏਧਰ ਆਪਾਂ ਕਾਹਨੂੰ ਆਉਣਾ ਸੀ। ਜੰਗਲ਼ ਦੇ ਏਸ ਹਿੱਸੇ ਵਿੱਚ ਸ਼ੇਰ ਰਹਿੰਦਾ ਹੈ। ਉਹ ਸਾਡੇ ਜੰਗਲ਼ ਦਾ ਰਾਜਾ ਹੈ," ਉਹਨੇ ਕੁੱਤੇ ਨੂੰ ਕਿਹਾ।

"ਸ਼ੇਰ ? ਉਹ ਕੀ ਹੁੰਦਾ ਹੈ ?" ਕੁੱਤੇ ਨੇ ਪੁੱਛਿਆ।

**ਨਾਸਾਂ**—ਨੱਕ (nostrils)। **ਫੁੰਕਾਰਨਾ**—ਜੀਵਾਂ ਦੇ ਮੂੰਹ ਜਾਂ ਨੱਕ ਵਿੱਚ ਜ਼ੋਰ ਨਾਲ਼ ਸਾਹ ਦੀ ਅਵਾਜ਼ (snort)। **ਬਘਿਆੜ**—ਭੇੜੀਆ (wolf)। **ਦਹਾੜਨਾ**—ਗਰਜਣਾ (to roar)। **ਪੁੱਠੇ ਪੈਰੀਂ**—ਪਿੱਛੇ ਵੱਲ ਨੂੰ ਮੁੜਨਾ (return)।



"ਤੈਨੂੰ ਨਹੀਂ ਪਤਾ ? ਉਹ ਇਸ ਧਰਤੀ ਉੱਤੇ ਸਭ ਤੋਂ ਵੱਧ ਤਕੜਾ ਜੰਗਲ਼ੀ ਜਾਨਵਰ ਹੈ।"

"ਤਾਂ ਫਿਰ ਤੇਰੀ ਮੇਰੀ ਰਾਮ-ਰਾਮ, ਬਘਿਆੜ ਭਰਾਵਾ! ਮੈਨੂੰ ਤਾਂ ਅਜਿਹੇ ਹੀ ਤਕੜੇ ਮਾਲਕ ਦੀ ਤਲਾਸ਼ ਹੈ ਜੋ ਇਸ ਧਰਤੀ ਉੱਤੇ ਸਭ ਤੋਂ ਵੱਧ ਤਕੜਾ ਹੋਵੇ।"

ਕੁੱਤਾ ਬਘਿਆੜ ਨੂੰ ਇਹ ਆਖ ਕੇ ਸ਼ੇਰ ਨੂੰ ਆਪਣਾ ਮਾਲਕ ਬਣਾਉਣ ਲਈ ਚੱਲ ਪਿਆ।

ਸ਼ੇਰ ਕੋਲ਼ ਜਾ ਕੇ ਵੀ ਉਸ ਨੇ ਉਹੋ ਬੇਨਤੀ ਕੀਤੀ ਜੋ ਪਹਿਲਾਂ ਰਿੱਛ ਤੇ ਬਘਿਆੜ ਨੂੰ ਕੀਤੀ ਸੀ।

ਸ਼ੇਰ ਨੇ ਉਸ ਦੀ ਮਾਲਕੀ ਕਰਨੀ ਮੰਨ ਲਈ ਤੇ ਉਹ ਦੋਵੇਂ ਖਾਸਾ ਚਿਰ ਇਕੱਠੇ ਰਹਿੰਦੇ ਰਹੇ। ਕੁੱਤੇ ਲਈ ਜ਼ਿੰਦਗੀ ਦੇ ਇਹ ਵਧੀਆ ਦਿਨ ਸਨ। ਉਸ ਨੂੰ ਕੋਈ ਗਿਲਾ-ਸ਼ਿਕਵਾ ਨਹੀਂ ਸੀ, ਕਿਉਂ ਜੁ ਜੰਗਲ਼ ਵਿੱਚ ਸ਼ੇਰ ਨਾਲ਼ੋਂ ਤਕੜਾ ਹੋਰ ਕੋਈ ਜਾਨਵਰ ਨਹੀਂ ਸੀ। ਉਹਦੀ ਹਾਜ਼ਰੀ ਵਿੱਚ ਕੁੱਤੇ ਨੂੰ ਕੋਈ ਕੁਝ ਕਹਿਣ ਵਾਲ਼ਾ ਜੰਮਿਆ ਹੀ ਨਹੀਂ ਸੀ।

ਇੱਕ ਦਿਨ ਉਹ ਦੋਵੇਂ ਜਣੇਂ ਇੱਕ ਪਗਡੰਡੀ ਉੱਤੇ ਜਾ ਰਹੇ ਸਨ। ਆਸ-ਪਾਸ ਛੋਟੀਆਂ-ਛੋਟੀਆਂ ਖ਼ੁਸ਼ਕ ਪਹਾੜੀਆਂ ਸਨ। ਸ਼ੇਰ ਇਕਦਮ ਰੁਕ ਗਿਆ। ਉਹ ਉੱਚੀ ਅਵਾਜ਼ ਵਿੱਚ ਗਰਜਿਆ। ਗੁੱਸੇ ਨਾਲ਼ ਆਪਣਾ ਪੰਜਾ ਏਨੀ ਜ਼ੋਰ ਦੀ ਧਰਤੀ ਉੱਤੇ ਮਾਰਿਆ ਕਿ ਉੱਥੇ ਟੋਆ ਪੈ ਗਿਆ। ਫਿਰ ਕਾਹਲ਼ੀ-ਕਾਹਲ਼ੀ ਪਿੱਛੇ ਨੂੰ ਮੁੜ ਗਿਆ।



"ਇਹ ਕੀ ਹੋਇਆ ਮਾਲਕ? ਕੀ ਕੁਝ ਗ਼ਲਤ ਹੋ ਗਿਆ?" ਕੁੱਤੇ ਨੇ ਹੈਰਾਨੀ ਨਾਲ਼ ਪੁੱਛਿਆ।

"ਸਾਹਮਣਿਓਂ ਇੱਕ ਆਦਮੀ ਸਾਡੇ ਵੱਲ ਆ ਰਿਹਾ ਹੈ। ਚੰਗਾ ਹੋਵੇ ਆਪਾਂ ਪਿਛਾਂਹ ਭੱਜ ਚੱਲੀਏ, ਨਹੀਂ ਤਾਂ ਆਪਾਂ ਮੁਸੀਬਤ ਵਿੱਚ ਫਸ ਜਾਵਾਂਗੇ।"

"ਤਾਂ ਫਿਰ ਤੈਨੂੰ ਵੀ ਮੇਰੀ ਰਾਮ-ਰਾਮ ਸ਼ੇਰ ਭਰਾਵਾ! ਮੈਂ ਤਾਂ ਅਜਿਹੇ ਮਾਲਕ ਦੀ ਭਾਲ਼ ਵਿੱਚ ਹਾਂ, ਜਿਹੜਾ ਇਸ ਧਰਤੀ ਉੱਤੇ ਸਭ ਤੋਂ ਵੱਧ ਤਕੜਾ ਹੋਵੇ।" ਕੁੱਤਾ ਬੋਲਿਆ।

ਤੇ ਕੁੱਤਾ ਆਦਮੀ ਵੱਲ ਨੂੰ ਤੁਰ ਪਿਆ। ਉਸ ਨੇ ਆਦਮੀ ਨੂੰ ਆਪਣਾ ਮਾਲਕ ਬਣਾ ਲਿਆ ਤੇ ਪੂਰੀ ਵਫ਼ਾਦਾਰੀ ਨਾਲ਼, ਉਸ ਦੀ ਸੇਵਾ ਕਰਨ ਲੱਗਾ।

ਇਹ ਗੱਲ ਤਾਂ ਭਾਵੇਂ ਯੁਗਾਂ ਪੁਰਾਣੀ ਹੈ ਪਰ ਇਹ ਸੱਚ ਹੈ ਅੱਜ ਵੀ ਕੁੱਤਾ ਆਦਮੀ ਦਾ ਸਭ ਤੋਂ ਵੱਧ ਵਫ਼ਾਦਾਰ ਮਿੱਤਰ ਹੈ ਤੇ ਉਹ ਹੋਰ ਕਿਸੇ ਦੀ ਮਾਲਕੀ ਕਬੂਲ ਨਹੀਂ ਕਰਦਾ।

**ਮਾਲਕੀ**—ਅਧਿਕਾਰ (ownership)। **ਪਗਡੰਡੀ**—ਪੈਦਲ ਚੱਲਣ ਦਾ ਰਸਤਾ (footpath)। **ਪੰਜਾ**—ਪੰਜ ਉਂਗਲ਼ਾਂ ਸਮੇਤ ਹੱਥ (paw)। **ਕਬੂਲ**—ਮਨਜ਼ੂਰ (accept)।



# ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਕੁੱਤਾ ਆਪਣੇ ਲਈ ਕਿਹੋ ਜਿਹਾ ਮਾਲਕ ਚਾਹੁੰਦਾ ਸੀ ?

ਤਕੜਾ ☐ ਕਮਜ਼ੋਰ ☐ ਨਿਡਰ ☐ ਵਫ਼ਾਦਾਰ ☐

(ਅ) ਰਿੱਛ ਕਿਸ ਨੂੰ ਦੇਖ ਕੇ ਰਾਹੋਂ ਲਾਂਭੇ ਹੋ ਗਿਆ ?

ਬਘਿਆੜ ਨੂੰ ☐ ਸ਼ੇਰ ਨੂੰ ☐ ਕੁੱਤੇ ਨੂੰ ☐ ਆਦਮੀ ਨੂੰ ☐

(ੲ) ਬਘਿਆੜ ਕਿਸ ਤੋਂ ਡਰ ਗਿਆ ?

ਰਿੱਛ ਤੋਂ ☐ ਸ਼ੇਰ ਤੋਂ ☐ ਆਦਮੀ ਤੋਂ ☐ ਕੁੱਤੇ ਤੋਂ ☐

(ਸ) ਕੁੱਤੇ ਨੇ ਅਖੀਰ ਵਿੱਚ ਕਿਸ ਨੂੰ ਆਪਣਾ ਮਾਲਕ ਬਣਾਇਆ ?

ਸ਼ੇਰ ਨੂੰ ☐ ਆਦਮੀ ਨੂੰ ☐ ਰਿੱਛ ਨੂੰ ☐ ਬਘਿਆੜ ਨੂੰ ☐

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਕੁੱਤਾ ਕਿਉਂ ਉਦਾਸ ਹੋ ਗਿਆ ਸੀ ?

ਉੱਤਰ ..........................................................................................

(ਅ) ਕੁੱਤਾ ਕਿਸ ਦੀ ਸ਼ਰਨ ਵਿੱਚ ਜਾਣਾ ਚਾਹੁੰਦਾ ਸੀ ?

ਉੱਤਰ ..........................................................................................

(ੲ) ਕੁੱਤੇ ਨੇ ਬਘਿਆੜ ਦਾ ਸਾਥ ਕਿਉਂ ਛੱਡ ਦਿੱਤਾ ?

ਉੱਤਰ ..........................................................................................

(ਸ) ਕੁੱਤੇ ਨੇ ਸ਼ੇਰ ਨੂੰ ਕੀ ਕਹਿ ਕੇ ਰਾਮ-ਰਾਮ ਕੀਤੀ ?

ਉੱਤਰ ..........................................................................................

**3. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ੳ) ਬਹੁਤ ਪਹਿਲਾਂ ਦੀ ਗੱਲ ਹੈ, ਜਦੋਂ ਕੁੱਤੇ ਵੀ ਹੋਰ .......................... ਵਾਂਗ ਜੰਗਲਾਂ ਵਿੱਚ ਅਜ਼ਾਦ ਰਿਹਾ ਕਰਦੇ ਸਨ। (ਜਾਨਵਰਾਂ/ਪੰਛੀਆਂ)

(ਅ) ਉਹਨਾਂ ਨੇ ਸ਼ੇਰ ਦੇ .......................... ਦੀ ਅਵਾਜ਼ ਸੁਣੀ। (ਰੋਣ/ਦਹਾੜਨ)

(ੲ) ਜੰਗਲ਼ ਵਿੱਚ .......................... ਨਾਲ਼ੋਂ ਤਕੜਾ ਹੋਰ ਕੋਈ ਜਾਨਵਰ ਨਹੀਂ ਸੀ। (ਰਿੱਛ/ਸ਼ੇਰ)

(ਸ) ਕੁੱਤਾ ਪੂਰੀ ਵਫ਼ਾਦਾਰੀ ਨਾਲ਼ ਮਾਲਕ ਦੀ ........................ ਕਰਨ ਲੱਗਾ। (ਸੇਵਾ/ਗ਼ੁਲਾਮੀ)

(ਹ) ਕੁੱਤਾ ਆਦਮੀ ਦਾ ਸਭ ਤੋਂ ਵੱਧ ........................ ਮਿੱਤਰ ਹੈ। (ਵਫ਼ਾਦਾਰ/ਧੋਖੇਬਾਜ਼)

**4. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਜਾਨਵਰ | — | ਜੰਗਲ਼ ਵਿੱਚ ਕਈ ਤਰ੍ਹਾਂ ਦੇ ਜਾਨਵਰ ਹੁੰਦੇ ਹਨ। (ਉਦਾਹਰਨ) |
| (ਅ) ਮਾਲਕ | — | ........................................................................ |
| (ੲ) ਜ਼ਿੰਦਗੀ | — | ........................................................................ |
| (ਸ) ਖ਼ਤਰਨਾਕ | — | ........................................................................ |

**5. ਪਾਠ ਅਨੁਸਾਰ ਸਹੀ ਵਾਕ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ। ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ :**

(ੳ) ਜੰਗਲ਼ਾਂ ਵਿੱਚ ਕੁੱਤੇ ਆਪਣੀ ਮਰਜ਼ੀ ਦੇ ਆਪ ਮਾਲਕ ਸਨ। ☐

(ਅ) ਬਘਿਆੜ ਰਿੱਛ ਤੋਂ ਡਰਦਾ ਸੀ। ☐

(ੲ) ਕੁੱਤਾ ਆਪਣੇ ਲਈ ਆਪਣੇ ਤੋਂ ਤਕੜਾ ਮਾਲਕ ਲੱਭਣ ਦੀ ਕੋਸ਼ਸ਼ ਕਰ ਰਿਹਾ ਸੀ। ☐

(ਸ) ਸ਼ੇਰ ਦੀ ਹਾਜ਼ਰੀ ਵਿੱਚ ਸਾਰੇ ਕੁੱਤੇ ਨੂੰ ਡਰਾਉਂਦੇ ਸਨ। ☐

(ਹ) ਅੱਜ ਵੀ ਸ਼ੇਰ ਆਦਮੀ ਦਾ ਸਭ ਤੋਂ ਵਫ਼ਾਦਾਰ ਮਿੱਤਰ ਹੈ। ☐

**6. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ ?**

(ੳ) "ਕਿੱਧਰ ਚਲਿਐਂ ਭਰਾਵਾ ?"

ਉੱਤਰ ........................................................................

(ਅ) "ਕੀ ਹੋ ਗਿਆ ਮਾਲਕ ? ਕਿਹੜੀ ਗੱਲੋਂ ਡਰ ਗਿਆ ਤੂੰ ?"

ਉੱਤਰ ........................................................................

(ੲ) "ਸਾਹਮਣਿਓਂ ਇੱਕ ਆਦਮੀ ਸਾਡੇ ਵੱਲ ਆ ਰਿਹਾ ਹੈ। ਚੰਗਾ ਹੋਵੇ ਆਪਾਂ ਪਿਛਾਂਹ ਭੱਜ ਚੱਲੀਏ, ਨਹੀਂ ਤਾਂ ਆਪਾਂ ਮੁਸੀਬਤ ਵਿੱਚ ਫਸ ਜਾਵਾਂਗੇ।"

ਉੱਤਰ ........................................................................

(ਸ) "ਸ਼ੇਰ ? ਉਹ ਕੀ ਹੁੰਦਾ ਹੈ ?"

ਉੱਤਰ ........................................................................

## 7. ਹੇਠਾਂ ਦਿੱਤਾ ਪੈਰਾ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ—

ਇੱਕ ਦਿਨ ਉਹ ਦੋਵੇਂ ਜਣੇਂ ਇੱਕ ਪਗਡੰਡੀ ਉੱਤੇ ਜਾ ਰਹੇ ਸਨ। ਆਸ-ਪਾਸ ਛੋਟੀਆਂ-ਛੋਟੀਆਂ ਖ਼ੁਸ਼ਕ ਪਹਾੜੀਆਂ ਸਨ। ਸ਼ੇਰ ਇਕਦਮ ਰੁਕ ਗਿਆ। ਉਹ ਉੱਚੀ ਅਵਾਜ਼ ਵਿੱਚ ਗਰਜਿਆ। ਗੁੱਸੇ ਨਾਲ਼ ਆਪਣਾ ਪੰਜਾ ਏਨੀ ਜ਼ੋਰ ਦੀ ਧਰਤੀ ਉੱਤੇ ਮਾਰਿਆ ਕਿ ਉੱਥੇ ਟੋਆ ਪੈ ਗਿਆ। ਫਿਰ ਕਾਹਲ਼ੀ-ਕਾਹਲ਼ੀ ਪਿੱਛੇ ਨੂੰ ਮੁੜ ਗਿਆ।

"ਇਹ ਕੀ ਹੋਇਆ ਮਾਲਕ ? ਕੀ ਕੁਝ ਗ਼ਲਤ ਹੋ ਗਿਆ ?" ਕੁੱਤੇ ਨੇ ਹੈਰਾਨੀ ਨਾਲ਼ ਪੁੱਛਿਆ।

"ਸਾਹਮਣਿਓਂ ਇੱਕ ਆਦਮੀ ਸਾਡੇ ਵੱਲ ਆ ਰਿਹਾ ਹੈ। ਚੰਗਾ ਹੋਵੇ ਆਪਾਂ ਪਿਛਾਂਹ ਭੱਜ ਚੱਲੀਏ, ਨਹੀਂ ਤਾਂ ਆਪਾਂ ਮੁਸੀਬਤ ਵਿੱਚ ਫਸ ਜਾਵਾਂਗੇ।"

(ੳ) ਇੱਕ ਦਿਨ ਦੋਵੇਂ ਜਣੇਂ ਕਿੱਥੋਂ ਜਾ ਰਹੇ ਸਨ ?

ਪਗਡੰਡੀ ਉੱਤੋਂ ☐ ਸੜਕ ਉਤੋਂ ☐ ਝੀਲ ਕੋਲੋਂ ☐ ਜੰਗਲ਼ ਵਿੱਚੋਂ ☐

(ਅ) ਰਸਤੇ ਦੇ ਆਸ-ਪਾਸ ਕੀ ਸੀ ?

ਰੁੱਖ ☐ ਜਾਨਵਰ ☐ ਪਹਾੜੀਆਂ ☐ ਪਾਣੀ ☐

(ੲ) ਜ਼ੋਰ ਨਾਲ਼ ਧਰਤੀ 'ਤੇ ਪੰਜਾ ਕਿਸ ਨੇ ਮਾਰਿਆ ?

ਕੁੱਤੇ ਨੇ ☐ ਸ਼ੇਰ ਨੇ ☐ ਬਘਿਆੜ ਨੇ ☐ ਆਦਮੀ ਨੇ ☐

(ਸ) ਸ਼ੇਰ ਨੂੰ ਸਾਹਮਣਿਓਂ ਆਉਂਦਾ ਕੌਣ ਦਿੱਸਿਆ ?

ਆਦਮੀ ☐ ਕੁੱਤਾ ☐ ਰਿੱਛ ☐ ਬਿੱਲੀ ☐

(ਹ) ਆਦਮੀ ਨੂੰ ਦੇਖ ਕੇ ਸ਼ੇਰ ਨੇ ਕੁੱਤੇ ਨੂੰ ਕੀ ਕਿਹਾ ?

ਪਿਛਾਂਹ ਭੱਜ ਚੱਲੀਏ ☐ ਆਦਮੀ ਨੂੰ ਪੈ ਜਾਈਏ ☐

ਬੈਠ ਜਾਈਏ ☐ ਲੁਕ ਜਾਈਏ ☐




## 1. ਹੇਠਾਂ ਲਿਖੇ ਸ਼ਬਦਾਂ ਦੇ ਸਹੀ ਵਿਰੋਧੀ ਅਰਥਾਂ ਵਾਲ਼ੇ ਸ਼ਬਦ ਚੁਣ ਕੇ, ਉਹਨਾਂ ਹੇਠ ਲਕੀਰ ਲਗਾਓ :

| | | | | | |
|---|---|---|---|---|---|
| (ੳ) ਅਜ਼ਾਦ | — | ਗ਼ੁਲਾਮ / ਰਿਹਾ | (ਸ) ਮਾਲਕ | — | ਸਵਾਮੀ / ਨੌਕਰ |
| (ਅ) ਡਰ | — | ਭੈ / ਨਿਡਰਤਾ | (ਹ) ਵਧੀਆ | — | ਘਟੀਆ / ਉੱਤਮ |
| (ੲ) ਖ਼ੁਸ਼ | — | ਪਰੇਸ਼ਾਨ / ਉਦਾਸ | (ਕ) ਭੁੱਖਾ | — | ਰੱਜਿਆ / ਪਿਆਸਾ |

**2. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ :**

(ੳ) ਕੁੱਤਾ — ਕੁੱਤੀ

(ਅ) ਰਿੱਛ — ..............................

(ੲ) ਮਾਲਕ — ..............................

(ਸ) ਆਦਮੀ — ..............................

(ਹ) ਸ਼ੇਰ — ..............................

(ਕ) ਭਰਾ — ..............................

(ਖ) ਪਹਾੜੀ — ..............................

(ਗ) ਮਿੱਤਰ — ..............................



## ਯੋਗਤਾ ਵਿਸਤਾਰ

- ਕੋਈ 10 ਜੰਗਲ਼ੀ ਜਾਨਵਰਾਂ ਦੇ ਨਾਂ ਆਪਣੀ ਸਕਰੈਪ ਕਾਪੀ ਵਿੱਚ ਲਿਖੋ ਅਤੇ ਉਹਨਾਂ ਦੇ ਚਿੱਤਰ ਵੀ ਚਿਪਕਾਓ।



## ਅਧਿਆਪਕ ਲਈ

- ਅਧਿਆਪਕ, ਬੱਚਿਆਂ ਨੂੰ ਕੁੱਤੇ ਦੀ ਵਫ਼ਾਦਾਰੀ ਸੰਬੰਧੀ ਹੋਰ ਵੀ ਜਾਣਕਾਰੀ ਦੇ ਸਕਦੇ ਹਨ। ਕੁੱਤਾ ਮਨੁੱਖ ਦਾ ਸਭ ਤੋਂ ਵਫ਼ਾਦਾਰ ਦੋਸਤ ਹੈ। ਘਰ ਦੀ ਰਾਖੀ ਕਰਨ ਦੇ ਨਾਲ਼-ਨਾਲ਼ ਕੁੱਤੇ ਆਪਣੀ ਸੁੰਘਣ ਸ਼ਕਤੀ ਰਾਹੀਂ ਅਪਰਾਧੀਆਂ ਤੱਕ ਵੀ ਪਹੁੰਚ ਸਕਦੇ ਹਨ। ਉਹਨਾਂ ਨੂੰ ਅਜਿਹਾ ਕਰਨ ਲਈ ਸਿਖਾਇਆ ਜਾਂਦਾ ਹੈ।
- ਇਸ ਪਾਠ ਵਿੱਚ ਦੋ ਮਹੱਤਵਪੂਰਨ ਨੁਕਤੇ ਹਨ। ਪਹਿਲਾ, ਇਹ ਦੱਸਣਾ ਕਿ ਧਰਤੀ ਉੱਤੇ ਰਹਿੰਦੇ ਸਾਰੇ ਜੀਵਾਂ ਵਿੱਚੋਂ ਮਨੁੱਖ ਸਭ ਤੋਂ ਵੱਧ ਸ਼ਕਤੀਸ਼ਾਲੀ ਹੈ। ਦੂਜਾ, ਆਪਣੇ ਤੋਂ ਵੱਡੇ, ਵਧੇਰੇ ਤਾਕਤਵਰ ਅਤੇ ਡਰਾਉਣ ਵਾਲ਼ਿਆਂ ਤੋਂ ਬਚਣ ਲਈ ਜ਼ਰੂਰੀ ਹੈ ਕਿ ਆਪ ਤਾਕਤਵਰ ਅਤੇ ਨਿਡਰ ਹੋਇਆ ਜਾਵੇ ਜਾਂ ਕਿਸੇ ਹੋਰ ਤਕੜੇ ਨੂੰ ਆਪਣੀ ਧਿਰ ਬਣਾਇਆ ਜਾਵੇ।

10 ਪਾਠ

# ਕਾਲ਼ੇ ਕਾਲ਼ੇ ਬੱਦਲ਼ਾ

## ਪਾਠ ਬਾਰੇ ਚਰਚਾ

- ਮੀਂਹ ਪੈਣ ਤੋਂ ਪਹਿਲਾਂ ਬੱਦਲ਼ਾਂ ਦਾ ਰੰਗ ਕਿਹੋ ਜਿਹਾ ਹੁੰਦਾ ਹੈ ?
- ਮੀਂਹ ਪੈਣ 'ਤੇ ਤੁਸੀਂ ਕੀ ਕਰਦੇ ਹੋ ?

**ਬੱਚੇ :** ਕਾਲ਼ੇ ਬੱਦਲ਼ਾ
ਕਾਲ਼ੇ ਬੱਦਲ਼ਾ
ਕਾਲ਼ੇ-ਕਾਲ਼ੇ ਬੱਦਲ਼ਾ
ਆ ਜਾ

ਕਾਲ਼ੀਆਂ ਇੱਟਾਂ ਕਾਲ਼ੇ ਰੋੜ
ਕਾਲ਼ੇ-ਕਾਲ਼ੇ ਬੱਦਲ਼ਾ ਤੇਰੀ ਲੋੜ
ਕਾਲ਼ੇ-ਕਾਲ਼ੇ ਬੱਦਲ਼ਾ
ਆ ਜਾ

**ਬੱਦਲ਼ :** ਗੜ-ਗੜ-ਗੜ-ਗੜ
ਗੜ-ਗੜ-ਗੜ
ਗੜ-ਗੜ-ਗੜ-ਗੜ
ਗੜ-ਗੜ-ਗੜ
ਲਓ ਬੱਚਿਓ ਮੈਂ ਆ ਗਿਆ
ਗੜ-ਗੜ ਕਰਦਾ ਆ ਗਿਆ

**ਬੱਚੇ :** ਹਾ-ਹਾ-ਹਾ
ਹਾ-ਹਾ-ਹਾ
ਵਾਹ-ਬਈ-ਵਾਹ
ਵਾਹ-ਬਈ-ਵਾਹ
ਕਾਲ਼ੀਆਂ ਇੱਟਾਂ ਕਾਲ਼ੇ ਰੋੜ
ਮੀਂਹ ਵਰ੍ਹਾ ਦੇ ਜ਼ੋਰੋ-ਜ਼ੋਰ



**ਲੋੜ**—ਜ਼ਰੂਰਤ (need)। **ਗੜ-ਗੜ ਕਰਦਾ**—ਗਰਜਦਾ (with thunder)। **ਮੀਂਹ**—ਵਰਖਾ, ਬਾਰਸ਼ (rain)। **ਜ਼ੋਰੋ-ਜ਼ੋਰ**—ਜ਼ੋਰ ਨਾਲ਼ (fastly)।



ਬੱਦਲ਼ : ਛਮ-ਛਮ-ਛਮ-ਛਮ
ਛਮ-ਛਮ-ਛਮ
ਛਮ-ਛਮ-ਛਮ-ਛਮ
ਛਮ-ਛਮ-ਛਮ

ਬੱਚੇ : ਹਾ-ਹਾ-ਹਾ
ਹਾ-ਹਾ-ਹਾ
ਭਿੱਜਣ ਦਾ ਆ ਗਿਆ ਮਜ਼ਾ

ਬੱਦਲ਼ : ਕਾਲ਼ੀਆਂ ਇੱਟਾਂ ਕਾਲ਼ੇ ਰੋੜ
ਬੱਸ ਕਰਾਂ ਕਿ ਵਰ੍ਹਾਂ ਮੈਂ ਹੋਰ ?

ਬੱਚੇ : ਬੱਸ-ਬੱਸ-ਬੱਸ-ਬੱਸ
ਬੱਸ-ਬੱਸ-ਬੱਸ
ਠੁਰ-ਠੁਰ-ਠੁਰ-ਠੁਰ
ਠੰਢ ਲੱਗਦੀ
ਬੱਸ-ਬੱਸ-ਬੱਸ-ਬੱਸ
ਬੱਸ-ਬੱਸ-ਬੱਸ।



ਬੱਦਲ਼ : ਕਾਲ਼ੀਆਂ ਇੱਟਾਂ ਕਾਲ਼ੇ ਰੋੜ
ਤੁਹਾਡੀ ਗੱਲ ਮੈਂ ਸਕਾਂ ਨਾ ਮੋੜ
ਠੰਢੀ-ਠੰਢੀ ਵਗੀ ਹਵਾ
ਬੱਦਲ਼ ਨੂੰ ਲੈ ਗਈ ਭਜਾ।
ਕਾਲ਼ੀਆਂ ਇੱਟਾਂ ਕਾਲ਼ੇ ਰੋੜ
ਬਾਗ਼ਾਂ ਦੇ ਵਿੱਚ ਨੱਚ ਪਏ ਮੋਰ

ਬੱਚੇ : ਕਾਲ਼ੇ ਬੱਦਲ਼ਾ
ਕਾਲ਼ੇ ਬੱਦਲ਼ਾ
ਕਾਲ਼ੇ-ਕਾਲ਼ੇ ਬੱਦਲ਼ਾ
ਟਾ-ਟਾ ........
ਫੇਰ ਤੂੰ ਆਈਂ
ਟਾ-ਟਾ ........
ਟਾ-ਟਾ-ਟਾ-ਟਾ ...

ਠੁਰ-ਠੁਰ ਕਰਨਾ—ਠੰਢ ਲੱਗਣੀ (feeling cold)।
ਵਗੀ—ਚੱਲੀ (blow)। ਮੋਰ—ਪੰਛੀ ਦਾ ਨਾਂ (peacock)।



# ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਕਵਿਤਾ ਅਨੁਸਾਰ ਬੱਦਲ਼ ਕਿਸ ਰੰਗ ਦੇ ਹਨ ?

ਕਾਲ਼ੇ ਚਿੱਟੇ ਪੀਲ਼ੇ ਨੀਲੇ

(ਅ) ਬੱਦਲ਼ਾਂ ਦੀ ਅਵਾਜ਼ ਕਿਸ ਤਰ੍ਹਾਂ ਦੀ ਆਉਂਦੀ ਹੈ ?

ਡਮ-ਡਮ ਗੜ-ਗੜ ਖੜ-ਖੜ ਛਮ-ਛਮ

(ੲ) ਬੱਚੇ ਕਿਸ ਚੀਜ਼ ਦੀ ਲੋੜ ਮਹਿਸੂਸ ਕਰਦੇ ਹਨ ?

ਇੱਟਾਂ-ਰੋੜਿਆਂ ਦੀ ਕਾਲ਼ੇ ਬੱਦਲ਼ ਦੀ

ਖਿਡੌਣਿਆਂ ਦੀ ਨਹਾਉਣ ਦੀ

(ਸ) ਬੱਚਿਆਂ ਨੂੰ ਕਿਸ ਚੀਜ਼ ਦਾ ਮਜ਼ਾ ਆ ਗਿਆ ?

ਭਿੱਜਣ ਦਾ ਖੇਡਣ ਦਾ ਨੱਚਣ ਦਾ ਭੱਜਣ ਦਾ

(ਹ) ਬੱਚੇ ਠੰਢ ਲੱਗਣ 'ਤੇ ਕੀ ਕਰਦੇ ਹਨ ?

ਠੁਰ-ਠੁਰ ਛਮ-ਛਮ ਗੜ-ਗੜ ਖੜ-ਖੜ

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਬੱਚੇ ਕਿਸ ਨੂੰ ਬੁਲਾਉਂਦੇ ਹਨ ?

ਉੱਤਰ ..................................................

(ਅ) ਬੱਚੇ ਕਿਹੜਾ ਗੀਤ ਗਾ ਕੇ ਬੱਦਲ਼ਾਂ ਨੂੰ ਬੁਲਾਉਂਦੇ ਹਨ ?

ਉੱਤਰ ..................................................

(ੲ) ਬੱਦਲ਼ ਬੱਚਿਆਂ ਨੂੰ ਕਿਹੜੀ ਗੱਲ ਪੁੱਛਦਾ ਹੈ ?

ਉੱਤਰ ..................................................

(ਸ) ਬੱਦਲ਼ ਕਿਸ ਦੀ ਗੱਲ ਨਹੀਂ ਮੋੜ ਸਕਦਾ ਹੈ ?

ਉੱਤਰ ..............................................................................................

(ਹ) ਹਵਾ ਨੇ ਬੱਦਲ਼ਾਂ ਨੂੰ ਕੀ ਕੀਤਾ ?

ਉੱਤਰ ..............................................................................................

**3. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ੳ) ਕਾਲ਼ੀਆਂ ਇੱਟਾਂ ................................। (ਕਾਲ਼ੇ ਰੋੜ / ਚਿੱਟੇ ਰੋੜ)

(ਅ) ................................ ਜ਼ੋਰੋ-ਜ਼ੋਰ। (ਪਾਣੀ ਵਰ੍ਹਾ ਦੇ / ਮੀਂਹ ਵਰ੍ਹਾ ਦੇ)

(ੲ) ਕਾਲ਼ੇ-ਕਾਲ਼ੇ ਬੱਦਲ਼ਾ ਤੇਰੀ ................................। (ਲੋੜ / ਜ਼ੋਰ)

(ਸ) ਬੱਸ ਕਰਾਂ ਕਿ ................................ ਮੈਂ ਹੋਰ। (ਵਰ੍ਹਾਂ / ਪਰ੍ਹਾਂ)

(ਹ) ................................ ਦੇ ਵਿੱਚ ਨੱਚ ਪਏ ਮੋਰ। (ਪਾਰਕਾਂ / ਬਾਗ਼ਾਂ)

**4. ਪਾਠ ਅਨੁਸਾਰ ਸਹੀ ਵਾਕ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ। ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ :**

(ੳ) ਕਾਲ਼ੀਆਂ ਇੱਟਾਂ ਪੀਲ਼ੇ ਰੋੜ, ਮੀਂਹ ਨਾ ਵਰ੍ਹਾਈਂ, ਜ਼ੋਰੋ-ਜ਼ੋਰ। ☐

(ਅ) ਹਾ-ਹਾ-ਹਾ, ਭਿੱਜਣ ਦਾ ਆ ਗਿਆ ਮਜ਼ਾ। ☐

(ੲ) ਠੁਰ-ਠੁਰ-ਠੁਰ-ਠੁਰ ਗਰਮੀ ਲੱਗਦੀ। ☐

(ਸ) ਠੰਢੀ-ਠੰਢੀ ਵਗੀ ਹਵਾ, ਬੱਦਲ਼ ਨੂੰ ਲੈ ਗਈ ਭਜਾ। ☐

(ਹ) ਕਾਲ਼ੇ-ਕਾਲ਼ੇ ਬੱਦਲ਼ ਟਾ-ਟਾ ....... ਫੇਰ ਤੂੰ ਨਾ ਆਈਂ ਟਾ-ਟਾ ......। ☐

**5. ਉਚਿਤ ਮਿਲ਼ਾਨ ਕਰੋ :**

| | |
|---|---|
| (ੳ) ਕਾਲ਼ੀਆਂ ਇੱਟਾਂ | ਵਰ੍ਹਾਂ ਮੈਂ ਹੋਰ ? |
| (ਅ) ਬੱਸ ਕਰਾਂ ਕਿ | ਨੱਚ ਪਏ ਮੋਰ |
| (ੲ) ਕਾਲ਼ੇ-ਕਾਲ਼ੇ ਬੱਦਲ਼ਾ | ਤੇਰੀ ਲੋੜ |
| (ਸ) ਬਾਗ਼ਾਂ ਦੇ ਵਿੱਚ | ਕਾਲ਼ੇ ਰੋੜ |



# ਵਿਆਕਰਨ

**1. ਹੇਠ ਲਿਖੇ ਵਾਕਾਂ ਵਿੱਚ ਲਕੀਰੇ ਸ਼ਬਦਾਂ ਦੇ ਲਿੰਗ ਬਦਲ ਕੇ ਵਾਕਾਂ ਨੂੰ ਦੁਬਾਰਾ ਲਿਖੋ :**

(ੳ) <u>ਮੁੰਡਾ</u> ਮੀਂਹ ਵਿੱਚ ਨਹਾ ਰਿਹਾ ਹੈ।

ਉੱਤਰ ..........................................................................................

(ਅ) <u>ਮੋਰ</u> ਪੈਲ ਪਾ ਰਿਹਾ ਹੈ।

ਉੱਤਰ ..........................................................................................

(ੲ) <u>ਬੱਦਲ਼</u> ਗਰਜ ਰਿਹਾ ਸੀ।

ਉੱਤਰ ..........................................................................................

(ਸ) <u>ਮੁੰਡੇ</u> ਨੱਚ ਰਹੇ ਸਨ।

ਉੱਤਰ ..........................................................................................

**2. ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ :**

(ੳ) ਪੰਜਾਬ ਦੇ ਵਿੱਚ ਰਹਿਣ ਵਾਲ਼ਾ — ਪੰਜਾਬੀ

(ਅ) ਜੋ ਕਦੇ ਨਾ ਮਰੇ — ..............................................

(ੲ) ਆਪਣੇ ਆਪ ਨਾਲ਼ ਬੀਤੀ — ..............................................

(ਸ) ਰੱਬ ਉੱਪਰ ਭਰੋਸਾ ਰੱਖਣ ਵਾਲ਼ਾ — ..............................................

(ਹ) ਪੈਸਾ ਨਾ ਖ਼ਰਚਣ ਵਾਲ਼ਾ — ..............................................


(ਕ) ਬਹੁਤੀਆਂ ਗੱਲਾਂ ਕਰਨ ਵਾਲ਼ਾ — ..............................................

(ਖ) ਖੇਡਾਂ ਵਿੱਚ ਭਾਗ ਲੈਣ ਵਾਲ਼ਾ — ..............................................

**3. ਹੇਠ ਦਿੱਤੇ ਸ਼ਬਦਾਂ ਦੇ ਉਲਟ ਅਰਥ ਰੱਖਣ ਵਾਲ਼ੇ ਸ਼ਬਦਾਂ 'ਤੇ ਗੋਲ਼ਾ ਲਗਾਓ :**

| | | | | |
|---|---|---|---|---|
| (ੳ) ਦੂਰ | — | ਪਰੇ | ਨੇੜੇ (ਗੋਲ਼ਾ ਲੱਗਿਆ) | ਕੋਲ਼ |
| (ਅ) ਔਰਤ | — | ਕੁੜੀ | ਮਨੁੱਖ | ਮਰਦ |
| (ੲ) ਆਉਂਦਾ | — | ਜਾਂਦਾ | ਚਲਦਾ | ਜਾਣਾ |

| | | | | | |
|---|---|---|---|---|---|
| (ਸ) | ਅੰਦਰ | — | ਵਿੱਚ | ਬਾਹਰ | ਬਾਹਰਲਾ |
| (ਹ) | ਕੁੜੀ | — | ਗੱਭਰੂ | ਲੜਕੀ | ਮੁੰਡਾ |



## ਯੋਗਤਾ ਵਿਸਤਾਰ

✤ ਮੀਂਹ ਵਰ੍ਹਨ ਨਾਲ਼ ਤੁਹਾਡੇ ਆਲ਼ੇ-ਦੁਆਲ਼ੇ ਦਾ ਵਾਤਾਵਰਨ ਕਿਸ ਤਰ੍ਹਾਂ ਦਾ ਹੋ ਜਾਂਦਾ ਹੈ ? ਇਸ ਬਾਰੇ ਪੰਜ ਵਾਕ ਲਿਖੋ।

..............................................................................................................

..............................................................................................................

..............................................................................................................

..............................................................................................................

..............................................................................................................



## ਅਧਿਆਪਕ ਲਈ

✤ ਗਰਮੀ ਦੀ ਰੁੱਤ ਮੁੱਕਣ 'ਤੇ ਵਰਖਾ ਦੀ ਉਡੀਕ ਹੋਣ ਲੱਗਦੀ ਹੈ। ਕਿਰਸਾਣ ਨੂੰ ਆਪਣੀਆਂ ਫ਼ਸਲਾਂ ਲਈ ਮੀਂਹ ਦੀ ਲੋੜ ਹੁੰਦੀ ਹੈ। ਪੰਛੀ, ਜਾਨਵਰ ਤੇ ਹੋਰ ਜੀਵ ਮੀਂਹ ਮੰਗਦੇ ਹਨ। ਤਪਦੀ ਧਰਤੀ ਵੀ ਮੀਂਹ ਮੰਗਦੀ ਹੈ। ਅਸਮਾਨ ਉੱਤੇ ਕਾਲ਼ੇ ਬੱਦਲ਼ ਵੇਖ ਕੇ ਸਾਰੇ ਖ਼ੁਸ਼ ਹੁੰਦੇ ਹਨ ਕਿ ਮੀਂਹ ਪੈਣ ਵਾਲ਼ਾ ਹੈ। ਨਿੱਕੇ-ਨਿੱਕੇ ਬਾਲ ਅਤੇ ਬਾਲੜੀਆਂ ਦਾ ਗੀਤ 'ਕਾਲ਼ੀਆਂ ਇੱਟਾਂ ਕਾਲ਼ੇ ਰੋੜ ....' ਇਸੇ ਪ੍ਰਸੰਗ ਵਿੱਚ ਹੈ ।

✤ ਵਿਦਿਆਰਥੀਆਂ ਤੋਂ ਮੀਂਹ ਤੋਂ ਪਹਿਲਾਂ, ਮੀਂਹ ਪੈਂਦੇ ਸਮੇਂ ਤੇ ਮੀਂਹ ਪੈਣ ਤੋਂ ਪਿੱਛੋਂ ਦੀਆਂ ਹਾਲਤਾਂ ਬਾਰੇ ਪੁੱਛਿਆ ਜਾ ਸਕਦਾ ਹੈ।

✤ ਬੱਦਲ਼ਾਂ ਦੇ ਗਰਜਣ 'ਤੇ ਮੀਂਹ ਪੈਣ ਸਮੇਂ ਦੀਆਂ ਅਵਾਜ਼ਾਂ ਜਾਂ ਸੰਗੀਤ ਬਾਰੇ ਵੀ ਵਿਦਿਆਰਥੀ ਦੱਸ ਸਕਦੇ ਹਨ।

○○○

# ਮਾਡਲ ਟੈੱਸਟ ਪੇਪਰ–2

**ਜਮਾਤ-3 (ਪਾਠ 6 ਤੋਂ 10)**

**ਸਮਾਂ : 1 ਘੰਟਾ 30 ਮਿੰਟ** **ਕੁੱਲ ਅੰਕ : 50**

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✔) ਦਾ ਨਿਸ਼ਾਨ ਲਗਾਓ—** **(4 × 2 = 8)**

(ੳ) ਹਰਮੀਤ ਨੇ ਕਿਸ ਨੂੰ ਬਲਬ ਜਗਾਉਣ ਲਈ ਭੇਜਿਆ ?

ਕੁਲਜੀਤ ☐ ਮਾਂ ☐ ਪਾਪਾ ☐ ਨੌਕਰ ☐

(ਅ) ਬੁਗਨੀ ਵਿੱਚ ਕੀ ਪਾਇਆ ਜਾਂਦਾ ਹੈ ?

ਪੈਸੇ ☐ ਅਨਾਜ ☐ ਕੱਪੜੇ ☐ ਪਾਣੀ ☐

(ੲ) ਕੁੱਤੇ ਨੇ ਅਖੀਰ ਵਿੱਚ ਕਿਸ ਨੂੰ ਆਪਣਾ ਮਾਲਕ ਬਣਾਇਆ ?

ਸ਼ੇਰ ਨੂੰ ☐ ਆਦਮੀ ਨੂੰ ☐ ਰਿੱਛ ਨੂੰ ☐ ਬਘਿਆੜ ਨੂੰ ☐

(ਸ) ਬੱਦਲ਼ਾਂ ਦੀ ਅਵਾਜ਼ ਕਿਸ ਤਰ੍ਹਾਂ ਦੀ ਆਉਂਦੀ ਹੈ ?

ਡਮ–ਡਮ ☐ ਗੜ–ਗੜ ☐ ਖੜ–ਖੜ ☐ ਛਮ–ਛਮ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ—** **(4 × 3 = 12)**

(ੳ) ਹਰਮੀਤ ਕਿਸ ਤੋਂ ਡਰਦਾ ਸੀ ?

ਉੱਤਰ ..............................................................................................

(ਅ) ਕੀ ਵੀਡੀਓ ਗੇਮ ਖੇਡਣ ਨਾਲ਼ ਅੱਖਾਂ ਖ਼ਰਾਬ ਹੋ ਜਾਂਦੀਆਂ ਹਨ ?

ਉੱਤਰ ..............................................................................................

(ੲ) ਕੁੱਤਾ ਕਿਸ ਦੀ ਸ਼ਰਨ ਵਿੱਚ ਜਾਣਾ ਚਾਹੁੰਦਾ ਸੀ ?

ਉੱਤਰ ..............................................................................................

(ਸ) ਬੱਦਲ਼ ਕਿਸ ਦੀ ਗੱਲ ਨਹੀਂ ਮੋੜ ਸਕਦਾ ਹੈ ?

ਉੱਤਰ ..............................................................................................

**3. ਹੇਠਾਂ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :** **(5 × 1 = 5)**

ਬਲਬ ਬਣਾਉਣ ਵਿੱਚ ਐਡੀਸਨ ਨੂੰ ਕਈ ਸਾਲ ਲੱਗ ਗਏ। ਇਸ ਦੌਰਾਨ ਉਸ ਨੇ ਬਹੁਤ ਸਾਰੇ ਅਜਿਹੇ ਔਜ਼ਾਰ ਬਣਾਏ ਜੋ ਹਰ ਰੋਜ਼ ਸਾਡੇ ਕੰਮ ਆਉਂਦੇ ਹਨ। ਤੇਰੇ ਨਾਨਾ ਜੀ ਵਾਲ਼ਾ ਗ੍ਰਾਮੋਫ਼ੋਨ ਵੀ ਐਡੀਸਨ ਨੇ ਹੀ ਬਣਾਇਆ ਸੀ। ਉਸ ਨੇ ਲਗਭਗ ਦੋ ਸੌ ਚੀਜ਼ਾਂ ਦੀ ਖੋਜ ਕੀਤੀ। ਉਹਨਾਂ ਨੂੰ ਸੰਵਾਰਿਆ ਅਤੇ ਕੰਮ ਵਿੱਚ ਆਉਣ ਲਾਇਕ ਬਣਾਇਆ। ਐਡੀਸਨ ਦਾ ਨਾਂ ਸੰਸਾਰ ਦੇ ਪ੍ਰਸਿੱਧ ਵਿਗਿਆਨਿਕਾਂ ਵਿੱਚ ਗਿਣਿਆ ਜਾਂਦਾ ਹੈ।

(ੳ) ਕੀ ਬਣਾਉਣ ਵਿੱਚ ਐਡੀਸਨ ਨੂੰ ਕਈ ਸਾਲ ਲੱਗ ਗਏ ?

ਰੋਟੀ ☐ ਬਲਬ ☐ ਗ੍ਰਾਮੋਫ਼ੋਨ ☐ ਕਾਰ ☐

(ਅ) ਗ੍ਰਾਮੋਫ਼ੋਨ ਕਿਸ ਦਾ ਸੀ ?

ਕੁਲਜੀਤ ਦਾ ☐ ਮਾਂ ਦਾ ☐ ਪਾਪਾ ਦਾ ☐ ਨਾਨਾ ਜੀ ਦਾ ☐

(ੲ) ਐਡੀਸਨ ਨੇ ਬਲਬ ਤੋਂ ਇਲਾਵਾ ਹੋਰ ਕੀ ਬਣਾਇਆ ਸੀ ?

ਕਾਰ ☐ ਜਹਾਜ਼ ☐ ਗ੍ਰਾਮੋਫ਼ੋਨ ☐ ਸਾਈਕਲ ☐

(ਸ) ਐਡੀਸਨ ਨੇ ਕਿੰਨੀਆਂ ਖੋਜਾਂ ਕੀਤੀਆਂ ?

100 ☐ 200 ☐ 300 ☐ 280 ☐

(ਹ) ਕਿਸ ਦਾ ਨਾਂ ਪ੍ਰਸਿੱਧ ਵਿਗਿਆਨੀਆਂ ਵਿੱਚ ਗਿਣਿਆ ਜਾਂਦਾ ਹੈ ?

ਪਾਪਾ ਦਾ ☐ ਕੁਲਜੀਤ ਦਾ ☐ ਐਡੀਸਨ ਦਾ ☐ ਨਾਨਾ ਜੀ ਦਾ ☐

**4. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ—** **(4 × 1 = 4)**

(*i*) ਰੱਖੜੀ ..................... (*iii*) ਬੁਗਨੀ .....................

(*ii*) ਗੇਂਦ ..................... (*iv*) ਖੋਜ .....................

**5. ਹੇਠ ਦਿੱਤੇ ਸ਼ਬਦਾਂ ਦੇ ਲਿੰਗ ਬਦਲ ਕੇ ਲਿਖੋ—** **(4 × 1 = 4)**

(*i*) ਮੰਮੀ ..................... (*iii*) ਬੱਕਰੀ .....................

(*ii*) ਮਾਲਕ ..................... (*iv*) ਸ਼ੇਰ .....................

**6. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ—** **(4 × 1 = 4)**

(*i*) ਖ਼ੁਸ਼ ..................... (*iii*) ਵਧੀਆ .....................

(*ii*) ਭੁੱਖਾ ..................... (*iv*) ਲਾਇਕ .....................

7. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ— (2 × 2 = 4)

ਖਾਣਾ ਬਣਾਉਣ ਵਾਲ਼ੀ ਥਾਂ — ......................

ਖੇਡਾਂ ਵਿੱਚ ਭਾਗ ਲੈਣ ਵਾਲ਼ਾ — ......................

8. ਹੇਠ ਦਿੱਤੇ ਵਾਕਾਂ ਵਿੱਚੋਂ ਵਿਸ਼ੇਸ਼ਣ ਚੁਣ ਕੇ ਲਿਖੋ— (2 × 2 = 4)

(*i*) ਹਰਦੀਪ ਚੰਗੀ ਕੁੜੀ ਹੈ। ......................

(*ii*) ਉਸ ਕੋਲ਼ ਪੰਜ ਰੁਪਏ ਹਨ। ......................

9. ਆਪਣੀ ਮਨਪਸੰਦ ਖੇਡ ਬਾਰੇ ਪੰਜ ਵਾਕ ਲਿਖੋ। (5 × 1 = 5)

..........................................................................................

..........................................................................................

..........................................................................................

..........................................................................................

..........................................................................................




# ਪੁਸਤਕਾਂ ਨੱਚ ਪਈਆਂ

## ਪਾਠ ਬਾਰੇ ਚਰਚਾ

- ਕੀ ਤੁਸੀਂ ਆਪਣੀਆਂ ਚੀਜ਼ਾਂ ਦਾ ਖਿਆਲ ਰੱਖਦੇ ਹੋ ? ਕਿਵੇਂ ?
- ਵਿਦਿਆਰਥੀਆਂ ਦੇ ਜੀਵਨ ਵਿੱਚ ਪੁਸਤਕਾਂ ਦਾ ਕੀ ਮਹੱਤਵ ਹੈ ?

ਕਮਲ ਨੇ ਸਕੂਲੋਂ ਆਉਂਦੇ ਹੀ ਆਪਣਾ ਬਸਤਾ ਜ਼ੋਰ ਨਾਲ਼ ਇੱਕ ਪਾਸੇ ਸੁੱਟਿਆ। ਫਿਰ ਉਹ ਖੇਡਣ ਲਈ ਬਾਹਰ ਜਾਣ ਲੱਗਾ। ਤਦੇ ਉਸ ਦੀ ਮਾਂ ਨੇ ਉਸ ਨੂੰ ਟੋਕਿਆ, "ਕਮਲ! ਪਹਿਲਾਂ ਸਕੂਲ ਦਾ ਕੰਮ ਕਰ ਲੈ, ਫਿਰ ਖੇਡਣ ਚਲੇ ਜਾਣਾ।" ਮਾਂ ਦੀ ਝਿੜਕ ਸੁਣ ਕੇ ਕਮਲ ਨੇ ਅੱਧੇ ਮਨ ਨਾਲ਼ ਬਸਤਾ ਖੋਲ੍ਹਿਆ। ਬਸਤਾ ਖੁੱਲ੍ਹਣ ਸਾਰ ਉਸ ਦੀਆਂ ਕਾਪੀਆਂ, ਕਿਤਾਬਾਂ ਅਤੇ ਪੈਨਸਿਲਾਂ ਨਿਕਲ਼-ਨਿਕਲ਼ ਕੇ ਦੂਰ ਭੱਜਣ ਲੱਗ ਪਈਆਂ ਅਤੇ ਇੱਧਰ-ਉੱਧਰ ਕੋਨਿਆਂ ਵਿੱਚ ਲੁਕ ਗਈਆਂ।

ਕਮਲ ਬੋਲਿਆ, "ਇਹ ਕੀ ਹੋ ਰਿਹਾ ਹੈ ? ਤੁਸੀਂ ਸਾਰੇ ਇੱਧਰ-ਉੱਧਰ ਕਿਉਂ ਦੌੜ ਰਹੇ ਹੋ ? ਜਲਦੀ ਨਾਲ਼ ਮੇਰੇ ਕੋਲ਼ ਆਓ। ਮੈਂ ਸਕੂਲ ਦਾ ਕੰਮ ਕਰਨਾ ਹੈ।"

**ਟੋਕਿਆ**—ਰੋਕਿਆ (interrupted)। **ਕੋਨਿਆਂ**—ਨੁੱਕਰਾਂ (corners)। **ਸੁਰੀਲੀ**—ਮਿੱਠੀ, ਮਧੁਰ (melodious)।

"ਨਹੀਂ! ਨਹੀਂ! ਅਸੀਂ ਨਹੀਂ ਆਉਣਾ।" ਕਾਪੀਆਂ ਬੋਲੀਆਂ।

"ਅਸੀਂ ਵੀ ਨਹੀਂ ਆਉਣਾ।" ਪੈਨਸਿਲਾਂ ਬੋਲੀਆਂ।

"ਜਲਦੀ ਆਓ। ਮੈਂ ਆਪਣਾ ਪਾਠ ਯਾਦ ਕਰਨਾ ਹੈ।" ਇਸ ਵਾਰ ਕਮਲ ਨੇ ਗੁੱਸੇ ਵਿੱਚ ਕਿਹਾ।



ਉਸ ਨੂੰ ਆਪਣੀ ਗੱਲ ਦਾ ਕਿਸੇ ਪਾਸਿਓਂ ਕੋਈ ਜਵਾਬ ਨਹੀਂ ਮਿਲ਼ਿਆ। ਉਹ ਚੁੱਪ-ਚਾਪ ਉੱਠਿਆ ਅਤੇ ਲਲਿਤ ਦੇ ਘਰ ਖੇਡਣ ਚਲਾ ਗਿਆ। ਲਲਿਤ ਦੇ ਕਮਰੇ ਕੋਲ਼ ਪੁੱਜ ਕੇ ਉਹ ਹੈਰਾਨ ਰਹਿ ਗਿਆ। ਅੰਦਰੋਂ ਕਿਸੇ ਦੇ ਗਾਉਣ ਦੀ ਸੁਰੀਲੀ ਅਵਾਜ਼ ਆ ਰਹੀ ਸੀ। ਕਮਲ ਨੇ ਕਮਰੇ ਦੇ ਅੰਦਰ ਵੇਖਿਆ ਤਾਂ ਹੈਰਾਨ ਰਹਿ ਗਿਆ। ਲਲਿਤ ਆਪਣੀ ਕੁਰਸੀ ਉੱਤੇ ਬੈਠਾ ਸੀ ਅਤੇ ਸੁੰਦਰ ਚਮਕੀਲੀ ਜਿਲਦ ਵਾਲ਼ੀ ਪੁਸਤਕ ਗਾ-ਗਾ ਕੇ ਉਸ ਨੂੰ ਪਾਠ ਯਾਦ ਕਰਵਾ ਰਹੀ ਸੀ। ਪਾਠ ਯਾਦ ਕਰਕੇ ਲਲਿਤ ਨੇ ਹੌਲ਼ੀ ਜਿਹੀ

ਪੁਸਤਕ ਨੂੰ ਬਸਤੇ ਵਿੱਚ ਰੱਖ ਦਿੱਤਾ। ਤਦੇ ਪੁਸਤਕ ਬੋਲੀ, "ਪਿਆਰੇ ਲਲਿਤ! ਤੂੰ ਕਿੰਨੇ ਪਿਆਰ ਨਾਲ਼ ਮੈਨੂੰ ਸੰਭਾਲ਼ ਕੇ ਰੱਖਦਾ ਹੈਂ। ਮੇਰੇ ਸਰੀਰ 'ਤੇ ਜ਼ਰਾ ਵੀ ਝਰੀਟ ਨਹੀਂ ਪੈਣ ਦਿੰਦਾ। ਇਸ ਦੇ ਲਈ ਬਹੁਤ-ਬਹੁਤ ਸ਼ੁਕਰੀਆ।" ਉਸੇ ਵੇਲ਼ੇ ਨੇੜੇ ਹੀ ਪਈ ਕਾਪੀ ਬੋਲੀ, "ਲਲਿਤ! ਹੁਣ ਤੂੰ ਮੇਰੇ ਉੱਪਰ ਜਲਦੀ ਸੁੰਦਰ ਲਿਖਾਈ ਲਿਖ ਦੇ। ਮੈਂ ਹਰ ਸਮੇਂ ਤੇਰੀ ਮੋਤੀਆਂ ਵਰਗੀ ਲਿਖਾਈ ਲਈ ਤਰਸਦੀ ਰਹਿੰਦੀ ਹਾਂ। ਤੂੰ ਕਿੰਨੇ ਪਿਆਰ ਨਾਲ਼ ਮੇਰੇ ਉੱਤੇ ਇੱਕ-ਇੱਕ ਅੱਖਰ ਉਕੇਰਦਾ ਹੈਂ। ਤੂੰ ਨਾ ਤਾਂ ਮੈਨੂੰ ਤੋੜਦਾ-ਮਰੋੜਦਾ ਹੈਂ ਅਤੇ ਨਾ ਹੀ ਪਾੜਨ ਦੀ ਕੋਸ਼ਸ਼ ਕਰਦਾ ਹੈਂ।" ਇੰਨਾ ਕਹਿ ਕੇ ਉਸ ਨੇ ਅੱਗੇ ਵੱਧ ਕੇ ਲਲਿਤ ਦਾ ਮੂੰਹ ਚੁੰਮ ਲਿਆ। ਨਜ਼ਦੀਕ ਹੀ ਪਈ ਪੈਨਸਿਲ ਨੇ ਕਿਹਾ- "ਸਿਆਣੇ ਲਲਿਤ! ਮੈਂ ਵੀ ਲਿਖਣ ਲਈ ਤਿਆਰ ਹਾਂ। ਸੱਚ ਪੁੱਛੋਂ ਤਾਂ ਤੇਰੀ ਸਹੀ ਸੰਭਾਲ਼ ਕਰਕੇ ਹੀ ਮੈਂ ਸੁੰਦਰ ਸਾਫ਼ ਲਿਖ ਸਕਦੀ ਹਾਂ। ਕਈ ਬੱਚੇ ਤਾਂ ਮੈਨੂੰ ਮੂੰਹ ਵਿੱਚ ਪਾ ਕੇ ਮੇਰੀ ਜਾਨ ਹੀ ਕੱਢ ਦਿੰਦੇ ਹਨ।" ਇਹ ਸੁਣ ਲਲਿਤ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ।



ਪੈਨਸਿਲ ਨੂੰ ਇੰਨਾ ਦੁਖੀ ਦੇਖ ਕੇ ਲਲਿਤ ਬੋਲਿਆ ਕਿ ਉਹ ਦੂਜੇ ਬੱਚਿਆਂ ਵਾਂਗ ਉਸ ਨਾਲ਼ ਬੁਰਾ ਵਰਤਾਓ ਨਹੀਂ ਕਰੇਗਾ। ਇਸ ਤੋਂ ਮਗਰੋਂ ਉਸ ਨੇ ਜਲਦੀ ਹੀ ਆਪਣੀ ਸੁੰਦਰ ਲਿਖਾਈ ਪੂਰੀ ਕਰ ਲਈ ਅਤੇ ਉੱਠ ਕੇ ਖੜ੍ਹਾ ਹੋ ਗਿਆ। ਫਿਰ ਉਸ ਦੀਆਂ ਕਾਪੀਆਂ, ਕਿਤਾਬਾਂ ਅਤੇ ਪੈਨਸਿਲਾਂ ਉਸ ਦੇ ਚਾਰੇ ਪਾਸੇ ਨੱਚਣ ਲੱਗੀਆਂ। ਉਹਨਾਂ ਨੂੰ ਲਲਿਤ ਬਹੁਤ ਪਿਆਰਾ ਲੱਗ ਰਿਹਾ ਸੀ। ਬਾਹਰ ਖੜ੍ਹਾ ਕਮਲ ਕਾਫ਼ੀ ਸਮੇਂ ਤੋਂ ਇਹ ਨਜ਼ਾਰਾ ਵੇਖ ਰਿਹਾ ਸੀ। ਹੁਣ ਉਹ ਸਮਝ ਚੁੱਕਾ ਸੀ ਕਿ ਉਸ ਦੀਆਂ ਕਾਪੀਆਂ ਅਤੇ ਕਿਤਾਬਾਂ ਉਸ ਦਾ ਸਾਥ ਕਿਉਂ ਨਹੀਂ ਦਿੰਦੀਆਂ। ਉਸ ਦੇ ਕਮਰੇ ਵਿੱਚੋਂ ਲਲਿਤ ਦੇ ਕਮਰੇ ਵਰਗੀਆਂ ਸੁਰੀਲੀਆਂ ਧੁਨਾਂ ਨਾ ਪੈਦਾ ਹੋ ਕੇ ਹੋਰ ਤਰ੍ਹਾਂ ਦੀਆਂ ਅਵਾਜ਼ਾਂ ਕਿਉਂ ਆਉਂਦੀਆਂ ਹਨ। ਉਸ ਦਾ ਮਨ ਪੜ੍ਹਾਈ ਵਿੱਚ ਕਿਉਂ ਨਹੀਂ ਲੱਗਦਾ। ਇਸ ਤੋਂ ਪਹਿਲਾਂ ਕਿ ਲਲਿਤ ਉੱਠ ਕੇ ਕਮਰੇ ਵਿੱਚੋਂ ਬਾਹਰ ਨਿਕਲ਼ਦਾ, ਕਮਲ ਆਪਣੇ ਘਰ ਵੱਲ ਚੱਲ ਪਿਆ।

> **ਝਰੀਟ—**ਰਗੜ (scratch)। **ਉਕੇਰਦਾ—**ਲਿਖਦਾ (writing)। **ਨਜ਼ਦੀਕ—**ਨੇੜੇ (near)। **ਵਰਤਾਓ—**ਵਤੀਰਾ, ਵਰਤਣ ਦਾ ਢੰਗ (treat)। **ਧੁਨਾਂ—**ਅਵਾਜ਼ਾਂ (tunes)।

ਹੁਣ ਸ਼ਾਮ ਹੋ ਗਈ ਸੀ। ਕਮਰੇ ਵਿੱਚ ਪੁੱਜ ਕੇ ਕਮਲ ਨੇ ਬਿਜਲੀ ਜਗਾਈ ਤਾਂ ਦੇਖਿਆ ਕਿ ਉਸ ਦੀਆਂ ਕਾਪੀਆਂ, ਕਿਤਾਬਾਂ, ਪੈਨਸਿਲਾਂ ਥੱਕੀਆਂ-ਹਾਰੀਆਂ ਉਸ ਦੇ ਬਸਤੇ ਵਿੱਚ ਵਾਪਸ ਆ ਗਈਆਂ ਸਨ। ਉਹਨਾਂ ਨੂੰ ਸੁਸਤ ਅਤੇ ਨਿਰਾਸ਼ ਵੇਖ ਕੇ ਉਸ ਦੀਆਂ ਅੱਖਾਂ ਭਰ ਆਈਆਂ। ਕਾਪੀਆਂ ਦੇ ਪਾਟੇ ਕਿਨਾਰਿਆਂ ਨੂੰ

ਪਲੋਸਦੇ ਹੋਏ ਕਮਲ ਬੋਲਿਆ, "ਹੁਣ ਮੈਂ ਲਲਿਤ ਵਾਂਗ ਤੁਹਾਡੀ ਸਾਰਿਆਂ ਦੀ ਦੇਖ-ਰੇਖ ਕਰਾਂਗਾ। ਕਦੀ ਵੀ ਤੁਹਾਨੂੰ ਦੁੱਖ ਨਹੀਂ ਪਹੁੰਚਾਵਾਂਗਾ। ਮੈਂ ਤੁਹਾਡੇ ਸਾਰਿਆਂ ਦਾ ਗੁਨਾਹਗਾਰ ਹਾਂ। ਮੈਨੂੰ ਮੁਆਫ਼ ਕਰ ਦਿਓ।"



"ਕਮਲ, ਜੇਕਰ ਹੁਣ ਵੀ ਤੂੰ ਸਾਨੂੰ ਅਤੇ ਆਪਣੀ ਪੜ੍ਹਾਈ ਨੂੰ ਬੋਝ ਸਮਝ ਕੇ ਸਾਡੀ ਸੰਭਾਲ਼ ਨਾ ਕਰੇਂਗਾ ਤਾਂ ਅਸੀਂ ਤੇਰੇ ਤੋਂ ਦੂਰ ਭੱਜਾਂਗੇ। ਪਰ ਜੇ ਤੂੰ ਸਾਨੂੰ ਪਿਆਰ ਕਰੇਂਗਾ ਤਾਂ ਅਸੀਂ ਵੀ ਤੇਰਾ ਸਾਥ ਨਿਭਾਵਾਂਗੇ। ਤੂੰ ਵੀ ਲਲਿਤ ਵਾਂਗ ਆਪਣੀ ਕਲਾਸ ਵਿੱਚ ਪਹਿਲੇ ਨੰਬਰ ਉੱਤੇ ਆ ਸਕਦੈਂ।" ਕਿਤਾਬਾਂ, ਕਾਪੀਆਂ ਅਤੇ ਪੈਨਸਿਲਾਂ ਨੇ ਇਕੱਠੇ ਕਿਹਾ।

ਕਮਲ ਕੁਝ ਸਮਾਂ ਸ਼ਾਂਤ ਬੈਠਾ ਰਿਹਾ, ਫਿਰ ਹੌਲ਼ੀ ਜਿਹੀ ਬੋਲਿਆ, "ਮੇਰੀ ਪੁਸਤਕੋ! ਹੁਣ ਮੈਂ ਪੜ੍ਹਾਈ ਦੇ ਨਾਲ਼-ਨਾਲ਼ ਤੁਹਾਡੀ ਗੱਲ ਵੀ ਸਮਝ ਚੁੱਕਾ ਹਾਂ। ਤੁਹਾਡੇ ਤੋਂ ਬਿਨਾਂ ਤਾਂ ਮੈਂ ਪੜ੍ਹਾਈ ਕਰ ਹੀ ਨਹੀਂ ਸਕਦਾ। ਇਸ ਲਈ ਆਪਣੀ ਪੜ੍ਹਾਈ ਦੀਆਂ ਸਾਰੀਆਂ ਚੀਜ਼ਾਂ ਨੂੰ ਸੰਭਾਲ਼ ਕੇ ਰੱਖਣਾ ਤਾਂ ਮੇਰਾ ਫ਼ਰਜ਼ ਹੈ।" ਕਮਲ ਦੇ ਇਸ ਤਰ੍ਹਾਂ ਕਹਿਣ 'ਤੇ ਕਿਤਾਬਾਂ, ਕਾਪੀਆਂ ਅਤੇ ਪੈਨਸਿਲਾਂ 'ਬੱਲੇ-ਬੱਲੇ' ਕਹਿੰਦੀਆਂ ਹੋਈਆਂ ਉਸ ਦੇ ਚਾਰੇ ਪਾਸੇ ਨੱਚਣ ਲੱਗ ਪਈਆਂ।

> ਗੁਨਾਹਗਾਰ—ਦੋਸ਼ੀ (guilty)। ਬੋਝ—ਭਾਰ (burden)। ਭੱਜਾਂਗੇ—ਦੌੜਾਂਗੇ (will run away)। ਸ਼ਾਂਤ—ਚੁੱਪ-ਚਾਪ (calm)। ਫ਼ਰਜ਼—ਜ਼ੁੰਮੇਵਾਰੀ (responsibility)।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਕਮਲ ਨੇ ਸਕੂਲੋਂ ਆਉਂਦੇ ਹੀ ਕਿਸ ਨੂੰ ਜ਼ੋਰ ਨਾਲ਼ ਇੱਕ ਪਾਸੇ ਸੁੱਟਿਆ?

ਬੈਟ ਨੂੰ ☐ ਬਸਤੇ ਨੂੰ ☐ ਸਾਈਕਲ ਨੂੰ ☐ ਗੇਂਦ ਨੂੰ ☐

(ਅ) ਕਿਸ ਦੀ ਝਿੜਕ ਸੁਣ ਕੇ ਕਮਲ ਨੇ ਅੱਧੇ ਮਨ ਨਾਲ਼ ਬਸਤਾ ਖੋਲ੍ਹਿਆ?

ਮਾਂ ਦੀ ☐ ਪਿਓ ਦੀ ☐ ਲਲਿਤ ਦੀ ☐ ਅਧਿਆਪਕ ਦੀ ☐

(ੲ) ਕਮਲ ਚੁੱਪ-ਚਾਪ ਉੱਠ ਕੇ ਕਿਸ ਦੇ ਘਰ ਖੇਡਣ ਲਈ ਚਲਾ ਗਿਆ?

ਰਾਧਾ ਦੇ ☐ ਲਲਿਤ ਦੇ ☐ ਨੇਹਾ ਦੇ ☐ ਸੋਨੂੰ ਦੇ ☐

(ਸ) ਸੁੰਦਰ ਚਮਕੀਲੀ ਜਿਲਦ ਵਾਲ਼ੀ ਪੁਸਤਕ ਕਿਸ ਨੂੰ ਗਾ ਕੇ ਪਾਠ ਯਾਦ ਕਰਵਾ ਰਹੀ ਸੀ?

ਕਮਲ ਨੂੰ ☐ ਲਲਿਤ ਨੂੰ ☐ ਸੁਨੀਲ ਨੂੰ ☐ ਰੋਹਿਤ ਨੂੰ ☐

(ਹ) "ਤੂੰ ਵੀ ਲਲਿਤ ਵਾਂਗ ਆਪਣੀ ਕਲਾਸ ਵਿੱਚ ਪਹਿਲੇ ਨੰਬਰ ਉੱਤੇ ਆ ਸਕਦਾ ਹੈਂ।" ਇਹ ਸ਼ਬਦ ਕਿਸ ਨੇ ਕਹੇ ?

ਕਿਤਾਬਾਂ, ਕਾਪੀਆਂ ਅਤੇ ਪੈਨਸਿਲਾਂ ਨੇ ☐ ਬਸਤੇ ਨੇ ☐

ਕਮਲ ਦੇ ਮਾਂ-ਪਿਓ ਨੇ ☐ ਅਧਿਆਪਕ ਨੇ ☐

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਕਮਲ ਨੂੰ ਬਾਹਰ ਖੇਡਣ ਜਾਣ ਤੋਂ ਕਿਸ ਨੇ ਰੋਕਿਆ ?

ਉੱਤਰ ..........................................................................................

(ਅ) ਬਸਤਾ ਖੁੱਲ੍ਹਣ 'ਤੇ ਕਿਹੜੀਆਂ ਵਸਤਾਂ ਇੱਧਰ-ਉੱਧਰ ਦੂਰ-ਦੂਰ ਭੱਜਣ ਲੱਗ ਪਈਆਂ ਸਨ ?

ਉੱਤਰ ..........................................................................................

(ੲ) ਲਲਿਤ ਦੇ ਕਮਰੇ ਕੋਲ਼ ਪੁੱਜ ਕੇ ਕਮਲ ਹੈਰਾਨ ਕਿਉਂ ਰਹਿ ਗਿਆ ?

ਉੱਤਰ ..........................................................................................

(ਸ) ਕਿਸ ਨੇ ਅੱਗੇ ਵੱਧ ਕੇ ਲਲਿਤ ਦਾ ਮੂੰਹ ਚੁੰਮ ਲਿਆ ?

ਉੱਤਰ ..........................................................................................

(ਹ) ਬੱਚੇ ਕਿਸ ਨੂੰ ਮੂੰਹ ਵਿੱਚ ਪਾ ਕੇ ਉਸ ਦੀ ਜਾਨ ਹੀ ਕੱਢ ਦਿੰਦੇ ਹਨ ?

ਉੱਤਰ ..........................................................................................

**3. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ੳ) ਲਲਿਤ ਦੇ ਘਰੋਂ ਕਿਸੇ ਦੇ ਗਾਉਣ ਦੀ ............... ਅਵਾਜ਼ ਆ ਰਹੀ ਸੀ। (ਸੁਰੀਲੀ/ਬੇਸੁਰੀ)

(ਅ) ..................... ਜਿਲਦ ਵਾਲ਼ੀ ਪੁਸਤਕ ਗਾ-ਗਾ ਕੇ ਉਸ ਨੂੰ ਪਾਠ ਯਾਦ ਕਰਵਾ ਰਹੀ ਸੀ। (ਫਟੀ ਹੋਈ/ਸੁੰਦਰ ਚਮਕੀਲੀ)

(ੲ) ਤੇਰੀ ਸਹੀ ..................... ਕਰਕੇ ਹੀ ਮੈਂ ਸੁੰਦਰ ਸਾਫ਼ ਲਿਖ ਸਕਦੀ ਹਾਂ। (ਸੇਵਾ/ਸੰਭਾਲ਼)

(ਸ) ਕਮਰੇ ਵਿੱਚ ਪੁੱਜ ਕੇ ਕਮਲ ਨੇ ..................... ਜਗਾਈ। (ਟਾਰਚ/ਬਿਜਲੀ)

**4. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਸੁਸਤ | — | ਸੁਸਤ ਬੱਚੇ ਕਦੇ ਵੀ ਸਫਲ ਨਹੀਂ ਹੁੰਦੇ। (ਉਦਾਹਰਨ) |
| (ਅ) ਕਾਪੀਆਂ | — | .......................................................... |

(ੲ) ਗੁਨਾਹਗਾਰ — ..........................................

(ਸ) ਨਜ਼ਾਰਾ — ..........................................

**5. ਪਾਠ ਅਨੁਸਾਰ ਸਹੀ ਵਾਕ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ। ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ :**

(ੳ) ਕਿਤਾਬਾਂ, ਕਾਪੀਆਂ ਅਤੇ ਪੈਨਸਿਲਾਂ ਨੂੰ ਲਲਿਤ ਬਹੁਤ ਪਿਆਰਾ ਲੱਗ ਰਿਹਾ ਸੀ। ☐

(ਅ) ਇਸ ਤੋਂ ਪਹਿਲਾਂ ਕਿ ਲਲਿਤ ਉੱਠ ਕੇ ਕਮਰੇ ਵਿੱਚੋਂ ਬਾਹਰ ਨਿਕਲ਼ਦਾ, ਕਮਲ ਦੁਕਾਨ ਵੱਲ ਚੱਲ ਪਿਆ। ☐

(ੲ) ਮੈਂ ਤੁਹਾਡੇ ਸਾਰਿਆਂ ਦਾ ਗੁਨਾਹਗਾਰ ਹਾਂ। ਮੈਨੂੰ ਮੁਆਫ਼ ਕਰ ਦਿਓ। ☐

(ਸ) ਤੂੰ ਵੀ ਲਲਿਤ ਵਾਂਗ ਆਪਣੀ ਕਲਾਸ ਵਿੱਚੋਂ ਪਹਿਲੇ ਨੰਬਰ 'ਤੇ ਆ ਸਕਦਾ ਹੈਂ। ☐

(ਹ) ਆਪਣੀ ਪੜ੍ਹਾਈ ਦੇ ਨਾਲ਼ ਸੰਬੰਧਿਤ ਸਾਰੀਆਂ ਚੀਜ਼ਾਂ ਨੂੰ ਸੰਭਾਲ਼ ਕੇ ਰੱਖਣਾ ਮੇਰਾ ਫ਼ਰਜ਼ ਨਹੀਂ ਹੈ। ☐

**6. ਹੇਠਾਂ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ—**

ਕਮਲ ਨੇ ਸਕੂਲੋਂ ਆਉਂਦੇ ਹੀ ਆਪਣਾ ਬਸਤਾ ਜ਼ੋਰ ਨਾਲ਼ ਇੱਕ ਪਾਸੇ ਸੁੱਟਿਆ। ਫਿਰ ਉਹ ਖੇਡਣ ਲਈ ਬਾਹਰ ਜਾਣ ਲੱਗਾ। ਤਦੇ ਉਸ ਦੀ ਮਾਂ ਨੇ ਉਸ ਨੂੰ ਟੋਕਿਆ, "ਕਮਲ! ਪਹਿਲਾਂ ਸਕੂਲ ਦਾ ਕੰਮ ਕਰ ਲੈ, ਫਿਰ ਖੇਡਣ ਚਲੇ ਜਾਣਾ।" ਮਾਂ ਦੀ ਝਿੜਕ ਸੁਣ ਕੇ ਕਮਲ ਨੇ ਅੱਧੇ ਮਨ ਨਾਲ਼ ਬਸਤਾ ਖੋਲ੍ਹਿਆ। ਬਸਤਾ ਖੁੱਲ੍ਹਣ ਸਾਰ ਉਸ ਦੀਆਂ ਕਾਪੀਆਂ, ਕਿਤਾਬਾਂ ਅਤੇ ਪੈਨਸਿਲਾਂ ਨਿਕਲ਼-ਨਿਕਲ਼ ਕੇ ਦੂਰ ਭੱਜਣ ਲੱਗ ਪਈਆਂ ਅਤੇ ਇੱਧਰ-ਉੱਧਰ ਕੋਨਿਆਂ ਵਿੱਚ ਲੁਕ ਗਈਆਂ।

ਕਮਲ ਬੋਲਿਆ, "ਇਹ ਕੀ ਹੋ ਰਿਹਾ ਹੈ। ਤੁਸੀਂ ਸਾਰੇ ਇੱਧਰ-ਉੱਧਰ ਕਿਉਂ ਦੌੜ ਰਹੇ ਹੋ ? ਜਲਦੀ ਨਾਲ਼ ਮੇਰੇ ਕੋਲ਼ ਆਓ। ਮੈਂ ਸਕੂਲ ਦਾ ਕੰਮ ਕਰਨਾ ਹੈ।"

"ਨਹੀਂ! ਨਹੀਂ! ਅਸੀਂ ਨਹੀਂ ਆਉਣਾ।" ਕਾਪੀਆਂ ਬੋਲੀਆਂ।

(ੳ) ਸਕੂਲ ਤੋਂ ਆਉਂਦਿਆਂ ਹੀ ਕਮਲ ਨੇ ਕੀ ਜ਼ੋਰ ਨਾਲ਼ ਸੁੱਟਿਆ ?

ਕਿਤਾਬਾਂ ☐ ਪੈੱਨ ☐ ਬਸਤਾ ☐ ਬੂਟ ☐

(ਅ) ਕਮਲ ਕੀ ਕਰਨ ਲਈ ਬਾਹਰ ਜਾਣ ਲੱਗਾ ?

ਖੇਡਣ ☐ ਨਹਾਉਣ ☐ ਪੜ੍ਹਨ ☐ ਲੜਨ ☐

(ੲ) ਕਿਸ ਦੀ ਝਿੜਕ ਨਾਲ਼ ਕਮਲ ਨੇ ਅੱਧੇ ਮਨ ਨਾਲ਼ ਬਸਤਾ ਖੋਲ੍ਹਿਆ ?

ਅਧਿਆਪਕ ਦੀ ☐ ਪਿਤਾ ਦੀ ☐ ਮਾਂ ਦੀ ☐ ਭੈਣ ਦੀ ☐

(ਸ) "ਇਹ ਕੀ ਹੋ ਰਿਹਾ ਹੈ ? ਤੁਸੀਂ ਇੱਧਰ-ਉੱਧਰ ਕਿਉਂ ਦੌੜ ਰਹੇ ਹੋ ?" ਇਹ ਸ਼ਬਦ ਕਿਸ ਨੇ ਕਹੇ ?

ਅਧਿਆਪਕ ਨੇ ☐ ਕਮਲ ਨੇ ☐ ਮਾਂ ਨੇ ☐ ਪਿਤਾ ਨੇ ☐

(ਹ) "ਨਹੀਂ! ਨਹੀਂ! ਅਸੀਂ ਨਹੀਂ ਆਉਣਾ।" ਇਹ ਸ਼ਬਦ ਕਿਸ ਨੇ ਕਹੇ ?

ਕਿਤਾਬਾਂ ਨੇ ☐ ਪੈਨਸਿਲਾਂ ਨੇ ☐ ਬਸਤੇ ਨੇ ☐ ਕਾਪੀਆਂ ਨੇ ☐



## ਵਿਆਕਰਨ

**ਦੱਸੇ ਅਨੁਸਾਰ ਕਰੋ :**

(ੳ) ਦੂਰ — ਨੇੜੇ

(ਅ) ਗੁੱਸਾ — ..............................

(ੲ) ਰੋਣਾ — ..............................

(ਸ) ਜਲਦੀ — ..............................

(ਹ) ਸੁਰੀਲੀ — ..............................

(ਕ) ਬੁਰਾ — ..............................



## ਯੋਗਤਾ ਵਿਸਤਾਰ

- ਤੁਹਾਡੇ ਕੋਲ਼ ਪਾਠ-ਪੁਸਤਕਾਂ ਤੋਂ ਇਲਾਵਾ ਹੋਰ ਕਿਹੜੀਆਂ-ਕਿਹੜੀਆਂ ਪੜ੍ਹਨ ਯੋਗ ਪੁਸਤਕਾਂ ਹਨ, ਦੱਸੋ।



## ਅਧਿਆਪਕ ਲਈ

- ਅਧਿਆਪਕ, ਵਿਦਿਆਰਥੀਆਂ ਨੂੰ ਆਪਣੀਆਂ ਪਾਠ-ਪੁਸਤਕਾਂ ਨੂੰ ਪੜ੍ਹਨ ਤੋਂ ਇਲਾਵਾ ਹੋਰ ਸਿੱਖਿਆਦਾਇਕ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕਰਨ।
- ਪੁਸਤਕਾਂ ਦੀ ਸਾਂਭ-ਸੰਭਾਲ਼ ਕਿਸ ਤਰ੍ਹਾਂ ਕੀਤੀ ਜਾਵੇ ਇਸ ਸੰਬੰਧੀ ਵੀ ਬੱਚਿਆਂ ਨੂੰ ਜਾਣਕਾਰੀ ਦਿੱਤੀ ਜਾਵੇ।




# ਕਾਲ਼ੇ ਛਿੱਟੇ

## ਪਾਠ ਬਾਰੇ ਚਰਚਾ

- ਕੀ ਤੁਸੀਂ ਭੂਤਾਂ ਨੂੰ ਮੰਨਦੇ ਹੋ ?
- ਕੀ ਵਿਗਿਆਨ ਭੂਤਾਂ ਨੂੰ ਮੰਨਦਾ ਹੈ ?

**ਸਥਾਨ**—ਵਿਸ਼ਾਲ, ਰੂਬਲ ਦਾ ਘਰ **ਸਮਾਂ**—ਸਵੇਰ ਦਾ

**ਪਾਤਰ**

**ਵਿਸ਼ਾਲ**—ਘਰ ਦਾ ਮਾਲਕ

**ਰੂਬਲ**—ਵਿਸ਼ਾਲ ਦੀ ਪਤਨੀ

**ਗੀਤਾ**—ਘਰ ਦੀ ਸੇਵਕਾ

**ਜਰਨੈਲ ਸਿੰਘ**—ਵਿਸ਼ਾਲ ਦਾ ਦੋਸਤ

### ਪਹਿਲਾ ਦ੍ਰਿਸ਼

(ਗਰਮੀ ਦਿਨ-ਬਦਿਨ ਵੱਧ ਰਹੀ ਸੀ। ਗੀਤਾ ਘਰ ਦੀ ਸੇਵਕਾ ਹੈ, ਉਸ ਦੇ ਕਮਰੇ ਵਿੱਚ ਪੱਖਾ ਨਹੀਂ ਸੀ। ਉਸ ਕਮਰੇ ਦੁਆਲ਼ੇ ਹਰਿਆਵਲ ਸੀ। ਉਸ ਕਾਰਨ ਉੱਥੇ ਮੱਛਰ ਵੀ ਸਨ। ਘਰ ਵਿੱਚ ਇੱਕ ਪੁਰਾਣਾ ਪੱਖਾ ਚਿਰਾਂ ਤੋਂ ਖ਼ਰਾਬ ਪਿਆ ਹੋਇਆ ਸੀ। ਰੂਬਲ ਨੇ ਉਹ ਪੱਖਾ ਠੀਕ ਕਰਵਾ ਕੇ ਉਸ ਕਮਰੇ ਵਿੱਚ ਲਗਵਾ ਦਿੱਤਾ। ਆਪਣੇ ਕਮਰੇ ਵਿੱਚ ਪੱਖਾ ਵੇਖ ਕੇ ਗੀਤਾ ਖ਼ੁਸ਼ ਹੋ ਗਈ । ਉਹ ਚਾਈਂ-ਚਾਈਂ ਕਮਰੇ ਨੂੰ ਸੁਆਰਨ ਲੱਗ ਪਈ। ਫਿਰ ਗੀਤਾ ਕੰਮ ਕਰਨ ਆਈ।)

**ਰੂਬਲ** (ਗੀਤਾ ਵੱਲ ਵੇਖ ਕੇ) — ਇਹ ਕੀ ਕੀਤਾ ਹੋਇਐ ? ਤੇਰੇ ਕੱਪੜਿਆਂ ਉੱਤੇ ਥਾਂ-ਥਾਂ ਕਾਲ਼ੇ ਰੰਗ ਦੇ ਛਿੱਟੇ ਪਏ ਹੋਏ ਹਨ।

**ਗੀਤਾ** — ਦੀਦੀ ਪਤਾ ਨਹੀਂ ਕੀ ਹੋਇਆ ? ਇਹ ਛਿੱਟੇ ਆਪਣੇ ਆਪ ਹੀ ਮੇਰੇ ਕੱਪੜਿਆਂ 'ਤੇ ਆ ਗਏ।

**ਰੂਬਲ** — ਕੋਈ ਗੱਲ ਨਹੀਂ। ਤੂੰ ਹੁਣ ਕੰਮ ਕਰਕੇ ਥੋੜ੍ਹੀ ਦੇਰ ਅਰਾਮ ਕਰ ਲਈਂ।

> **ਸੇਵਕਾ**—ਨੌਕਰਾਣੀ (maid)।
> **ਹਰਿਆਵਲ**—ਹਰਿਆਲੀ (greenery)।
> **ਚਾਈਂ-ਚਾਈਂ**—ਖ਼ੁਸ਼ੀ-ਖ਼ੁਸ਼ੀ (happily)।

**ਗੀਤਾ** — ਜੀ ਦੀਦੀ।

(ਉਸ ਵੇਲ਼ੇ ਗੱਲ ਹਾਸੇ ਮਖੌਲ ਵਿੱਚ ਟਲ ਗਈ। ਕੰਮ ਕਰਕੇ ਗੀਤਾ ਆਪਣੇ ਕਮਰੇ ਵਿੱਚ ਚਲੀ ਜਾਂਦੀ ਹੈ।)

## ਦੂਜਾ ਦ੍ਰਿਸ਼

ਦੁਪਹਿਰੇ ਵੀ ਗੀਤਾ ਦੇ ਕੱਪੜਿਆਂ ਉੱਤੇ ਕਾਲ਼ੇ ਛਿੱਟੇ ਪਏ ਹੋਏ ਹਨ। ਉਹ ਕੁਝ ਸਹਿਮੀ ਹੋਈ ਵੀ ਹੈ।



ਗੀਤਾ (ਰੂਬਲ ਨੂੰ) — ਦੀਦੀ ਉਸ ਕਮਰੇ ਵਿੱਚ ਭੂਤ ਰਹਿੰਦੇ ਨੇ। ਵੇਖੋ, ਕੀ ਕੀਤਾ ਏ ਉਹਨਾਂ ਮੇਰੇ ਕੱਪੜਿਆਂ ਦੇ ਨਾਲ਼।

ਰੂਬਲ — ਗੀਤਾ, ਤੂੰ ਐਵੇਂ ਨਾ ਆਲਤੂ-ਫ਼ਾਲਤੂ ਬੋਲੀ ਜਾਇਆ ਕਰ। ਮੈਂ ਵਿਗਿਆਨ ਦੀ ਪੜ੍ਹਾਈ ਕੀਤੀ ਹੈ। ਭੂਤ-ਭਾਤ ਜਿਹੀਆਂ ਊਲ-ਜਲੂਲ ਗੱਲਾਂ ਵਹਿਮੀ-ਭਰਮੀ ਲੋਕਾਂ ਦੇ ਦਿਮਾਗ਼ ਦੀ ਕਾਢ ਹੁੰਦੀਆਂ ਨੇ।

ਗੀਤਾ — ਨਹੀਂ ਦੀਦੀ! ਮੈਂ ਉਸ ਕਮਰੇ ਵਿੱਚ ਨਈਂ ਜਾਣਾ ਹੁਣ। ਮੈਨੂੰ ਡਰ ਲੱਗਦੈ।

ਰੂਬਲ — ਫੇਰ ਸੌਂਵੇਂਗੀ ਕਿੱਥੇ ?

ਗੀਤਾ — ਰਾਤੀਂ ਸਾਰਾ ਕੰਮ ਮੁਕਾ ਕੇ ਮੈਂ ਰਸੋਈ ਵਿੱਚ ਹੀ ਸੌਂ ਜਾਵਾਂਗੀ।

ਰੂਬਲ — ਅਜੇ ਤਾਂ ਦੁਪਹਿਰ ਹੈ! ਪੂਰਾ ਦਿਨ ਬਾਕੀ ਹੈ!

ਗੀਤਾ — ਦੀਦੀ, ਦਿਨ ਵੇਲ਼ੇ ਭੂਤ ਕੁਝ ਨਹੀਂ ਆਖਦੇ। ਦੁਪਹਿਰ ਦਾ ਰੋਟੀ-ਟੁਕ ਨਬੇੜ ਕੇ ਮੈਂ ਕਮਰੇ ਵਿੱਚ ਚਲੀ ਜਾਇਆ ਕਰੂੰ। ਉੱਥੇ ਹੀ ਘੜੀ-ਪਲ ਅਰਾਮ ਕਰ ਲਿਆ ਕਰੂੰ।

(ਗੀਤਾ ਵੇਰਵੇ ਨਾਲ਼ ਆਪਣਾ ਨਿੱਤ-ਨੇਮ ਦੱਸਣ ਲੱਗ ਪਈ। ਰੂਬਲ ਚਿੰਤਤ ਹੋ ਜਾਂਦੀ ਹੈ। ਰੂਬਲ ਕੁਝ ਸੋਚਦੀ ਹੈ। ਫਿਰ ਉਹ ਉੱਠ ਕੇ ਆਪਣੇ ਕਮਰੇ ਵਿੱਚ ਜਾਂਦੀ ਹੈ। ਉੱਥੋਂ ਉਹ ਇੱਕ ਪੁਰਾਣੀ ਚਿੱਟੀ ਚਾਦਰ ਲੈ ਕੇ ਆਉਂਦੀ ਹੈ।)

**ਰੂਬਲ** (ਚਾਦਰ ਗੀਤਾ ਨੂੰ ਫੜਾਉਂਦਿਆਂ)— ਤੂੰ ਇਹ ਚਾਦਰ ਆਪਣੇ ਬਿਸਤਰੇ ਉੱਤੇ ਵਿਛਾ ਦੇਵੀਂ। ਫੇਰ ਵੇਖਨੇ ਆਂ ਭਲਾ! ਤੂੰ ਚਿੰਤਾ ਨਾ ਕਰ।

(ਗੀਤਾ ਵਿਹਲੀ ਹੋ ਕੇ ਕਮਰੇ ਵਿੱਚ ਚਲੀ ਜਾਂਦੀ ਹੈ। ਉਹ ਪੁਰਾਣੀ ਚਾਦਰ ਬਿਸਤਰੇ ਉੱਤੇ ਵਿਛਾ ਦਿੰਦੀ ਹੈ। ਪੱਖਾ ਚਲਾ ਕੇ ਉਹ ਬਿਸਤਰੇ ਉੱਤੇ ਬੈਠ ਗਈ। ਠੰਢੀ ਹਵਾ ਸੁਖਾਵੀਂ ਲੱਗ ਰਹੀ ਸੀ। ਗੀਤਾ ਬੈਠੀ-ਬੈਠੀ ਊਂਘਣ ਲੱਗ ਪਈ। ਉਹ ਬਿਸਤਰੇ ਉੱਤੇ ਲੰਮੇ ਪੈ ਗਈ ਤੇ ਫਿਰ ਗੂੜ੍ਹੀ ਨੀਂਦ ਵਿੱਚ ਲਹਿ ਗਈ।)

## ਤੀਜਾ ਦ੍ਰਿਸ਼

ਦੁਪਹਿਰ ਢੱਲ ਚੁੱਕੀ ਹੈ। ਸ਼ਾਮ ਦੇ ਪਰਛਾਵੇਂ ਲੰਮੇ ਹੋ ਗਏ ਹਨ। ਕਮਰੇ ਵਿੱਚ ਅਜੇ ਚਾਨਣ ਹੈ। ਗੀਤਾ, ਰੂਬਲ ਅਤੇ ਵਿਸ਼ਾਲ ਲਈ ਚਾਹ ਬਣਾਉਂਦੀ ਹੈ।

**ਰੂਬਲ** (ਗੀਤਾ ਨੂੰ)— ਚੱਲ ਆ ਜ਼ਰਾ ਦੇਖ ਕੇ ਆਈਏ ਤੇਰਾ ਕਮਰਾ। ਭੂਤਾਂ ਨੇ ਫਿਰ ਕੁਝ ਕੀਤਾ ਤਾਂ ਨਹੀਂ।

> **ਸੁਖਾਵੀਂ**—ਚੰਗੀ (good)। **ਅਦਾਰਾ**—ਸੰਸਥਾ (institute)।

**ਗੀਤਾ** (ਕਮਰਾ ਖੋਲ੍ਹਦੀ ਹੈ)—ਹੈਂ ! ਹੈਂ ! ਦੀਦੀ ਦੇਖੋ ਚਾਦਰ 'ਤੇ। ਫਿਰ ਤੋਂ ਕਾਲ਼ੇ ਛਿੱਟੇ। ਮੈਂ ਨਹੀਂ ਰਹਿਣਾ ਇੱਥੇ।

**ਰੂਬਲ** — ਤੂੰ ਸੱਚ ਕਹਿ ਰਹੀ ਸੀ। ਪਰ ਤੂੰ ਫ਼ਿਕਰ ਨਾ ਕਰ। ਮੈਂ ਹੁਣੇ ਕੁਝ ਕਰਦੀ ਹਾਂ। (ਉਹ ਫਟਾਫਟ ਆਪਣੇ ਪਤੀ ਵਿਸ਼ਾਲ ਕੋਲ਼ ਜਾਂਦੀ ਹੈ ਅਤੇ ਸਾਰੀ ਗੱਲ ਦੱਸਦੀ ਹੈ।)

**ਵਿਸ਼ਾਲ** — ਰੂਬਲ ! ਤੂੰ ਪੜ੍ਹੀ-ਲਿਖੀ ਹੋ ਕੇ ਇਸ ਤਰ੍ਹਾਂ ਸੋਚਦੀ ਏਂ ?

**ਰੂਬਲ** — ਮੈਨੂੰ ਪਤਾ ਹੈ ਕਿ ਭੂਤ ਨਹੀਂ ਹੁੰਦੇ ਪਰ ਕੋਈ ਗੱਲ ਤਾਂ ਜ਼ਰੂਰ ਹੈ ਉਸ ਕਮਰੇ ਵਿੱਚ।

**ਵਿਸ਼ਾਲ** — ਤੂੰ ਘਬਰਾ ਨਾ। ਮੈਂ ਚਲਦਾ ਹਾਂ ਤੇਰੇ ਨਾਲ਼।

ਵਿਸ਼ਾਲ ਵੀ ਰੂਬਲ ਦੇ ਨਾਲ਼ ਜਾ ਕੇ ਚਿੱਟੀ ਚਾਦਰ 'ਤੇ ਕਾਲ਼ੇ ਛਿੱਟਿਆਂ ਨੂੰ ਵੇਖਦਾ ਹੈ। ਉਹਨੂੰ ਵੀ ਕਾਲ਼ੇ ਛਿੱਟਿਆਂ ਦੇ ਭੇਤ ਦੀ ਸਮਝ ਨਹੀਂ ਆਉਂਦੀ। ਵਿਸ਼ਾਲ ਆਪਣੇ ਦੋਸਤ ਜਰਨੈਲ ਸਿੰਘ ਨੂੰ ਫ਼ੋਨ ਕਰਦਾ ਹੈ। ਜਰਨੈਲ ਸਿੰਘ ਇੱਕ ਸੂਝਵਾਨ ਵਿਅਕਤੀ ਸੀ। ਉਹ ਇੱਕ ਅਜਿਹੇ ਅਦਾਰੇ ਨਾਲ਼ ਸੰਬੰਧਿਤ ਸੀ, ਜਿਹੜੇ ਲੋਕਾਂ ਨੂੰ ਵਹਿਮਾਂ-ਭਰਮਾਂ ਦੀ ਜਿਲ੍ਹਣ ਵਿੱਚੋਂ ਕੱਢਣ ਲਈ ਕੰਮ ਕਰ ਰਹੇ ਸਨ।

## ਚੌਥਾ ਦ੍ਰਿਸ਼

ਜਰਨੈਲ ਸਿੰਘ ਤਿਆਰ ਹੋ ਕੇ ਵਿਸ਼ਾਲ ਦੇ ਘਰ ਪਹੁੰਚ ਜਾਂਦਾ ਹੈ। ਉਹ ਬਿਸਤਰੇ ਉੱਤੇ ਵਿਛੀ ਹੋਈ ਚਾਦਰ 'ਤੇ ਕਾਲ਼ੇ ਛਿੱਟੇ ਵੇਖਦਾ ਹੈ।

ਉਹ ਇੱਕ ਛਿੱਟੇ ਉੱਤੇ ਪੋਟਾ ਘਸਾਉਂਦਾ ਹੈ ਤੇ ਫਿਰ ਪੋਟਾ ਨੱਕ ਕੋਲ਼ ਲੈ ਕੇ ਜਾਂਦਾ ਹੈ। ਉਹਨੂੰ ਤੇਲ ਦੀ ਹਮਕ ਆਉਂਦੀ ਹੈ। ਉਹ ਚਾਦਰ ਪੁੱਠੀ ਕਰਕੇ ਬਿਸਤਰੇ ਉੱਤੇ ਵਿਛਾ ਦਿੰਦਾ ਹੈ। ਉਹ ਪੱਖੇ ਦੀ ਗਤੀ ਕੁਝ ਤੇਜ਼ ਕਰ ਦਿੰਦਾ ਹੈ ਅਤੇ ਕਮਰੇ ਤੋਂ ਬਾਹਰ ਆ ਜਾਂਦਾ ਹੈ।

**ਵਿਸ਼ਾਲ** — ਲੱਗਾ ਕੁਝ ਪਤਾ ?

**ਜਰਨੈਲ ਸਿੰਘ** — ਹਾਂ, ਲੱਗਦਾ ਹੈ, ਮੈਂ ਭੂਤ ਲੱਭ ਲਿਆ ਹੈ। ਪਰ ਪਹਿਲੋਂ ਆਪਾਂ ਚਾਹ ਪੀ ਲਈਏ। ਮੈਂ ਘਰੋਂ ਚਾਹ ਪੀ ਕੇ ਨਹੀਂ ਸਾਂ ਆਇਆ।



ਹਮਕ—ਮੁਸ਼ਕ (foul smell)। ਗਤੀ—ਚਾਲ (speed)।

**ਵਿਸ਼ਾਲ** — ਮੈਂ ਪੱਖਾ ਬੰਦ ਕਰ ਆਵਾਂ।

**ਜਰਨੈਲ ਸਿੰਘ** — ਨਹੀਂ, ਪੱਖਾ ਅਜੇ ਕੁਝ ਚਿਰ ਚੱਲਦਾ ਰਹਿਣ ਦਿਓ। ਪਰ ਆਪਣੀ ਸੇਵਕਾ ਨੂੰ ਜ਼ਰੂਰ ਦੱਸ ਦਿਓ ਕਿ ਜਦੋਂ ਵੀ ਕਦੀ ਕਮਰੇ ਤੋਂ ਬਾਹਰ ਜਾਵੇ ਤਾਂ ਪੱਖਾ ਬੰਦ ਕਰ ਦਿਆ ਕਰੇ।

(ਚਾਹ ਪੀ ਕੇ ਉਹ ਮੁੜ ਭੂਤਾਂ ਵਾਲ਼ੇ ਕਮਰੇ ਵੱਲ ਤੁਰ ਪਏ। ਇਸ ਵਾਰ ਗੀਤਾ ਵੀ ਪਿੱਛੇ-ਪਿੱਛੇ ਚੱਲ ਪਈ। ਕਮਰੇ ਵਿੱਚ ਪੱਖਾ ਪੂਰੀ ਗਤੀ ਨਾਲ਼ ਘੁੰਮ ਰਿਹਾ ਸੀ। ਪੁੱਠੀ ਵਿਛੀ ਚਾਦਰ ਉੱਤੇ ਵੀ ਟਾਂਵੇਂ-ਟੱਲੇ ਕਾਲ਼ੇ ਛਿੱਟੇ ਦਿਸਣ ਲੱਗ ਪਏ ਸਨ।)

**ਜਰਨੈਲ ਸਿੰਘ** — ਵੇਖੋ! ਭੂਤ ਪੁੱਠੀ ਵਿਛੀ ਚਾਦਰ ਉੱਤੇ ਵੀ ਨਿਸ਼ਾਨ ਪਾ ਗਿਆ ਹੈ, ਪਰ ਮੈਨੂੰ ਪਤਾ ਲੱਗ ਗਿਆ ਹੈ ਕਿ ਭੂਤ ਨੂੰ ਕਿਸ ਤਰ੍ਹਾਂ ਨਸਾਉਣਾ ਹੈ।

**ਵਿਸ਼ਾਲ, ਰੂਬਲ ਅਤੇ ਗੀਤਾ** (ਇਕੱਠੇ ਬੋਲਦੇ ਹਨ)— ਕਿਸ ਤਰ੍ਹਾਂ ?

**ਜਰਨੈਲ ਸਿੰਘ** (ਵਿਸ਼ਾਲ ਨੂੰ)— ਸਵਿੱਚ ਬੋਰਡ ਕੋਲ਼ ਜਾ ਕੇ ਪੱਖੇ ਦਾ ਸਵਿੱਚ ਬੰਦ ਕਰ ਦਿਓ। ਹੁਣ ਭੂਤ ਕਮਰੇ ਵਿੱਚੋਂ ਨੱਸ ਗਿਆ ਹੈ।

**ਵਿਸ਼ਾਲ** — ਕੀ ਹੁਣ ਕੱਪੜਿਆਂ ਉੱਤੇ ਕਾਲ਼ੇ ਛਿੱਟੇ ਨਹੀਂ ਡਿੱਗਣਗੇ ?

**ਜਰਨੈਲ ਸਿੰਘ** — ਹੁਣ ਸਵਿੱਚ ਮੁੜ ਔਨ ਕਰ ਦਿਓ। ਭੂਤ ਫਿਰ ਆ ਗਿਆ।

**ਰੂਬਲ** — ਕੀ ਮਤਲਬ ?

**ਜਰਨੈਲ ਸਿੰਘ** — ਜਾਪਦਾ ਹੈ, ਇਸ ਪੱਖੇ ਨੂੰ ਤੁਸੀਂ ਤਾਜ਼ੀ-ਤਾਜ਼ੀ ਗਰੀਸ ਦਿੱਤੀ ਹੈ। ਉਸ ਗਰੀਸ ਵਿੱਚ ਤੇਲ ਦੀ ਮਾਤਰਾ ਕੁਝ ਵੱਧ ਹੈ। ਪੱਖਾ ਚੱਲਣ ਨਾਲ਼ ਗਰੀਸ ਕੁਝ ਹੋਰ ਪਤਲੀ ਪੈ ਜਾਂਦੀ ਹੈ। ਫੇਰ ਤੇਲ ਦੇ ਛਿੱਟੇ ਹੇਠਾਂ ਡਿਗਣ ਲੱਗ ਪੈਂਦੇ ਹਨ। ਬੱਸ ਇਹੋ ਸੀ ਤੁਹਾਡਾ ਭੂਤ।

(ਉਹ ਸਾਰੇ ਹੱਸਣ ਲੱਗ ਪੈਂਦੇ ਹਨ। ਗੀਤਾ ਕੁਝ ਵਧੇਰੇ ਹੀ ਖ਼ੁਸ਼ ਹੈ। ਉਹਨੇ ਭੂਤਾਂ-ਪ੍ਰੇਤਾਂ ਦੇ ਸੱਚ ਨੂੰ ਹਮੇਸ਼ਾਂ ਲਈ ਜਾਣ ਲਿਆ ਹੈ। ਉਹ ਇਸ ਲਈ ਵੀ ਖ਼ੁਸ਼ ਹੈ ਕਿ ਹੁਣ ਭੂਤ ਉਹਦੇ ਕਮਰੇ ਵਿੱਚ ਕਦੀ ਨਹੀਂ ਆਉਣਗੇ ਅਤੇ ਉਹ ਅਰਾਮ ਨਾਲ਼ ਰਹਿ ਸਕੇਗੀ।)



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਘਰ ਦੇ ਮਾਲਕ ਦਾ ਕੀ ਨਾਂ ਸੀ ?

ਗੀਤਾ ☐ ਵਿਸ਼ਾਲ ☐

ਜਰਨੈਲ ਸਿੰਘ ☐ ਉਪਰੋਕਤ ਵਿੱਚੋਂ ਕੋਈ ਨਹੀਂ ☐

(ਅ) ਕੀ ਚਿਰਾਂ ਤੋਂ ਖ਼ਰਾਬ ਪਿਆ ਸੀ ?

ਸਾਈਕਲ ☐ ਬਲਬ ☐ ਕੂਲਰ ☐ ਪੱਖਾ ☐

(ੲ) ਕਿਸ ਦੇ ਕੱਪੜਿਆਂ ਉੱਪਰ ਕਾਲ਼ੇ ਛਿੱਟੇ ਪਏ ਸਨ ?

ਗੀਤਾ ਦੇ ☐ ਰੂਬਲ ਦੇ ☐ ਵਿਸ਼ਾਲ ਦੇ ☐ ਜਰਨੈਲ ਸਿੰਘ ਦੇ ☐

(ਸ) ਗੀਤਾ ਅਨੁਸਾਰ ਉਸ ਦੇ ਕੱਪੜਿਆਂ ਉੱਤੇ ਕਾਲ਼ੇ ਛਿੱਟੇ ਕੌਣ ਪਾ ਰਿਹਾ ਸੀ ?

ਰੂਬਲ ☐ ਵਿਸ਼ਾਲ ☐ ਭੂਤ ☐ ਜਰਨੈਲ ਸਿੰਘ ☐

(ਹ) ਅਸਲ ਵਿੱਚ ਛਿੱਟੇ ਕੌਣ ਪਾ ਰਿਹਾ ਸੀ ?

ਗੀਤਾ ☐ ਪੱਖਾ ☐ ਰੂਬਲ ☐ ਵਿਸ਼ਾਲ ☐

## 2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਗੀਤਾ ਦੇ ਕਮਰੇ ਵਿੱਚ ਕੀ ਨਹੀਂ ਸੀ ?

ਉੱਤਰ ............................................................................................

(ਅ) ਰੂਬਲ ਨੇ ਕਾਹਦੀ ਪੜ੍ਹਾਈ ਕੀਤੀ ਹੋਈ ਹੈ ?

ਉੱਤਰ ............................................................................................

(ੲ) ਚਾਦਰ ਉੱਤੇ ਕੀ ਪਏ ਸਨ ?

ਉੱਤਰ ............................................................................................

(ਸ) ਵਿਸ਼ਾਲ ਦੇ ਦੋਸਤ ਦਾ ਕੀ ਨਾਂ ਸੀ ?

ਉੱਤਰ ............................................................................................

(ਹ) ਗਰੀਸ ਵਿੱਚ ਕਿਸ ਦੀ ਮਾਤਰਾ ਵੱਧ ਸੀ ?

ਉੱਤਰ ............................................................................................

## 3. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :

(ੳ) ਉਸ ਕਮਰੇ ਦੁਆਲ਼ੇ...................... ਸੀ। (ਹਰਿਆਵਲ, ਚਿੱਕੜ)

(ਅ) ਫਿਰ ਗੀਤਾ ...................... ਕਰਨ ਆਈ। (ਅਰਾਮ, ਕੰਮ)

(ੲ) ਉਹ ਕੁਝ ...................... ਹੋਈ ਵੀ ਹੈ। (ਸਹਿਮੀ, ਡਰੀ)

(ਸ) ਮੈਂ ...................... ਦੀ ਪੜ੍ਹਾਈ ਕੀਤੀ ਹੈ। (ਵਿਗਿਆਨ, ਗਣਿਤ)

(ਹ) ਸ਼ਾਮ ਦੇ ...................... ਲੰਮੇ ਹੋ ਗਏ ਹਨ। (ਕੰਮ, ਪਰਛਾਵੇਂ)

**4. ਪਾਠ ਅਨੁਸਾਰ ਸਹੀ ਵਾਕ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ। ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ :**

(ੳ) ਸਰਦੀ ਦਿਨ-ਬ-ਦਿਨ ਵੱਧ ਰਹੀ ਸੀ। ☐

(ਅ) ਗੀਤਾ ਦੇ ਕਮਰੇ ਵਿੱਚ ਪੱਖਾ ਨਹੀਂ ਸੀ। ☐

(ੲ) ਮੈਂ ਇਤਿਹਾਸ ਦੀ ਪੜ੍ਹਾਈ ਕੀਤੀ ਹੈ। ☐

(ਸ) ਉਹਨੂੰ ਘਿਓ ਦੀ ਖ਼ੁਸ਼ਬੂ ਆਉਂਦੀ ਹੈ। ☐

(ਹ) ਗਰੀਸ ਵਿੱਚ ਤੇਲ ਦੀ ਮਾਤਰਾ ਕੁਝ ਵੱਧ ਹੈ। ☐

**5. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਗਰਮੀ | — | ਅੱਜ ਗਰਮੀ ਬਹੁਤ ਹੈ। (ਉਦਾਹਰਨ) |
| (ਅ) ਹਰਿਆਵਲ | — | ........................................ |
| (ੲ) ਸੁਆਰਨ | — | ........................................ |
| (ਸ) ਸਹਿਮੀ | — | ........................................ |
| (ਹ) ਕਾਢ | — | ........................................ |
| (ਕ) ਊਂਘਣ | — | ........................................ |

**6. ਉਚਿਤ ਮਿਲਾਨ ਕਰੋ :**

| | |
|---|---|
| (ੳ) ਆਲਤੂ | ਜਲੂਲ |
| (ਅ) ਭੂਤ | ਭਰਮੀ |
| (ੲ) ਊਲ | ਪਲ |
| (ਸ) ਵਹਿਮੀ | ਭਾਤ |
| (ਹ) ਘੜੀ | ਫ਼ਾਲਤੂ |

**7. ਹੇਠਾਂ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ :**

ਗੀਤਾ ਵਿਹਲੀ ਹੋ ਕੇ ਕਮਰੇ ਵਿੱਚ ਚਲੀ ਜਾਂਦੀ ਹੈ। ਉਹ ਪੁਰਾਣੀ ਚਾਦਰ ਬਿਸਤਰੇ ਉੱਤੇ ਵਿਛਾ ਦਿੰਦੀ ਹੈ। ਪੱਖਾ ਚਲਾ ਕੇ ਉਹ ਬਿਸਤਰੇ ਉੱਤੇ ਬੈਠ ਗਈ। ਠੰਢੀ ਹਵਾ ਸੁਖਾਵੀਂ ਲੱਗ ਰਹੀ ਸੀ। ਗੀਤਾ ਬੈਠੀ-ਬੈਠੀ

ਊਂਘਣ ਲੱਗ ਪਈ। ਉਹ ਬਿਸਤਰੇ ਉੱਤੇ ਲੰਮੇ ਪੈ ਗਈ ਤੇ ਫਿਰ ਗੂੜ੍ਹੀ ਨੀਂਦ ਵਿੱਚ ਲਹਿ ਗਈ। ਦੁਪਹਿਰ ਢੱਲ ਚੁੱਕੀ ਹੈ। ਸ਼ਾਮ ਦੇ ਪਰਛਾਵੇਂ ਲੰਮੇ ਹੋ ਗਏ ਹਨ। ਕਮਰੇ ਵਿੱਚ ਅਜੇ ਚਾਨਣ ਹੈ। ਗੀਤਾ ਰੂਬਲ ਅਤੇ ਵਿਸ਼ਾਲ ਲਈ ਚਾਹ ਬਣਾਉਂਦੀ ਹੈ।

(ੳ) ਗੀਤਾ ਵਿਹਲੀ ਹੋ ਕੇ ਕਿੱਥੇ ਚਲੀ ਜਾਂਦੀ ਹੈ ?

ਬਜ਼ਾਰ ☐ ਪਾਰਕ ☐ ਛੱਤ ’ਤੇ ☐ ਕਮਰੇ ਵਿੱਚ ☐

(ਅ) ਗੀਤਾ ਕਿਹੜੀ ਚਾਦਰ ਵਿਛਾ ਦਿੰਦੀ ਹੈ ?

ਨਵੀਂ ☐ ਪੁਰਾਣੀ ☐ ਲਾਲ ☐ ਹਰੀ ☐

(ੲ) ਹਵਾ ਕਿਹੋ ਜਹੀ ਲੱਗ ਰਹੀ ਸੀ ?

ਸੁਖਾਵੀਂ ☐ ਗਰਮ ☐ ਨਿੱਘੀ ☐ ਦੁਖਾਵੀਂ ☐

(ਸ) ਗੀਤਾ ਬੈਠੀ-ਬੈਠੀ ਕੀ ਕਰਨ ਲੱਗ ਪਈ ?

ਗਾਉਣ ☐ ਊਂਘਣ ☐ ਖੇਡਣ ☐ ਬੋਲਣ ☐

(ਹ) ਕਮਰੇ ਵਿੱਚ ਅਜੇ ਕੀ ਸੀ ?

ਭੂਤ ☐ ਠੰਢ ☐ ਹਨੇਰਾ ☐ ਚਾਨਣ ☐




## ਵਿਆਕਰਨ

**1. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ—**

| ਅਸ਼ੁੱਧ | ਸ਼ੁੱਧ | ਅਸ਼ੁੱਧ | ਸ਼ੁੱਧ |
|---|---|---|---|
| (ੳ) ਮਖੋਲ | ਮਖੌਲ | (ਹ) ਦੁਪਹਰ | ........................ |
| (ਅ) ਪਖਾ | ........................ | (ਕ) ਪਰੀਵਾਰ | ........................ |
| (ੲ) ਗੁੰਜਲਾਂ | ........................ | (ਖ) ਸੂਜਵਾਨ | ........................ |
| (ਸ) ਚਾਧਰ | ........................ | (ਗ) ਭੁਮਿਕਾ | ........................ |

**2. ਸਹੀ ਵਿਰੋਧੀ ਸ਼ਬਦਾਂ ਦਾ ਮਿਲ਼ਾਨ ਕਰੋ :**

| | |
|---|---|
| (ੳ) ਗਰਮੀ | ਠੀਕ |
| (ਅ) ਖ਼ਰਾਬ | ਖੁੱਲਾ |
| (ੲ) ਖ਼ੁਸ਼ | ਕਾਲ਼ੀ |
| (ਸ) ਚਿੱਟੀ | ਸਰਦੀ |
| (ਹ) ਬੰਦ | ਉਦਾਸ |



## ਯੋਗਤਾ ਵਿਸਤਾਰ

✤ ਬੱਚਿਓ, ਤੁਸੀਂ ਵੀ ਭੂਤਾਂ-ਪ੍ਰੇਤਾਂ ਬਾਰੇ ਕਈ ਕਹਾਣੀਆਂ ਪੜ੍ਹੀਆਂ ਜਾਂ ਸੁਣੀਆਂ ਹੋਣਗੀਆਂ। ਕੋਈ ਇੱਕ ਕਹਾਣੀ ਆਪਣੀ ਜਮਾਤ ਵਿੱਚ ਸੁਣਾਓ।



## ਅਧਿਆਪਕ ਲਈ

✤ ਅਧਿਆਪਕ ਬੱਚਿਆਂ ਨੂੰ ਦੱਸਣ ਕਿ ਭੂਤ-ਪ੍ਰੇਤ ਕੇਵਲ ਕਿੱਸੇ-ਕਹਾਣੀਆਂ ਵਿੱਚ ਹੀ ਹੁੰਦੇ ਹਨ। ਅਸਲ ਜ਼ਿੰਦਗੀ ਵਿੱਚ ਭੂਤ-ਪ੍ਰੇਤ ਨਹੀਂ ਹੁੰਦੇ।

✤ ਅਧਿਆਪਕ ਬੱਚਿਆਂ ਨੂੰ ਵਹਿਮਾਂ-ਭਰਮਾਂ ਤੋਂ ਬਚਣ ਲਈ ਵੀ ਪ੍ਰੇਰਿਤ ਕਰਨ। ਉਹ ਬੱਚਿਆਂ ਨੂੰ ਵਹਿਮਾਂ-ਭਰਮਾਂ ਤੋਂ ਹੋਣ ਵਾਲ਼ੇ ਨੁਕਸਾਨਾਂ ਬਾਰੇ ਦੱਸ ਸਕਦੇ ਹਨ।





# ਬਾਪੂ ਦਾ ਕੁੜਤਾ

## ਪਾਠ ਬਾਰੇ ਚਰਚਾ

- ਸਾਡੇ ਰਾਸ਼ਟਰ ਪਿਤਾ ਕੌਣ ਹਨ ?
- ਅਸੀਂ 'ਬਾਪੂ' ਕਿਸ ਮਹਾਨ ਵਿਅਕਤੀ ਨੂੰ ਆਖਦੇ ਹਾਂ ?
- ਮਹਾਤਮਾ ਗਾਂਧੀ ਕਿਹੋ ਜਿਹੇ ਕੱਪੜੇ ਪਹਿਨਦੇ ਸਨ ?

ਮਹਾਤਮਾ ਗਾਂਧੀ ਦਾ ਨਾਂ ਕਿਸ ਨੇ ਨਹੀਂ ਸੁਣਿਆ ਹੋਵੇਗਾ! ਅਸੀਂ ਸਾਰੇ ਉਹਨਾਂ ਦੇ ਨਾਂ ਤੋਂ ਜਾਣੂ ਹਾਂ। ਉਹ ਸਾਰਿਆਂ ਨੂੰ ਪਿਆਰ ਕਰਦੇ ਸਨ। ਲੋਕ ਵੀ ਉਹਨਾਂ ਨੂੰ ਪਿਆਰ ਨਾਲ਼ 'ਬਾਪੂ' ਆਖਦੇ ਸਨ।

ਬਾਪੂ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ। ਉਹਨਾਂ ਨੂੰ ਬੱਚਿਆਂ ਦੇ ਨਾਲ਼ ਖੇਡਣਾ ਚੰਗਾ ਲੱਗਦਾ ਸੀ। ਬੱਚਿਆਂ ਨਾਲ਼ ਸਮਾਂ ਬਿਤਾਉਣ ਵਿੱਚ ਉਹਨਾਂ ਨੂੰ ਖ਼ੁਸ਼ੀ ਮਿਲ਼ਦੀ ਸੀ। ਉਹ ਬੱਚਿਆਂ ਨੂੰ ਰੱਬ ਦਾ ਰੂਪ ਮੰਨਦੇ ਸਨ। ਉਹ ਕਹਿੰਦੇ ਹੁੰਦੇ ਸਨ, "ਮੈਂ ਬੱਚਿਆਂ ਨਾਲ਼ ਰਹਿੰਦਾ ਹਾਂ, ਤਾਂ ਲੱਗਦਾ ਹੈ ਕਿ ਰੱਬ ਦੇ ਨਾਲ਼ ਹਾਂ।"



ਰੱਬ—ਪਰਮਾਤਮਾ (God)।

ਬਾਪੂ ਦੇਸ਼ ਨੂੰ ਅਜ਼ਾਦ ਕਰਾਉਣਾ ਚਾਹੁੰਦੇ ਸਨ। ਭਾਰਤ 'ਤੇ ਅੰਗਰੇਜ਼ਾਂ ਦਾ ਰਾਜ ਸੀ। ਭਾਰਤ ਗ਼ੁਲਾਮ ਸੀ। ਬਾਪੂ ਭਾਰਤ ਦੀ ਅਜ਼ਾਦੀ ਲਈ ਲੜ ਰਹੇ ਸਨ। ਇਸ ਲਈ ਉਹ ਦੇਸ਼ ਭਰ ਵਿੱਚ ਯਾਤਰਾ ਕਰਦੇ ਸਨ। ਯਾਤਰਾ ਦੌਰਾਨ ਉਹ ਭਾਸ਼ਣ ਦਿੰਦੇ ਸਨ। ਉਹ ਦੇਸ਼ਵਾਸੀਆਂ ਨੂੰ ਅਜ਼ਾਦੀ ਦਾ ਪਾਠ ਪੜ੍ਹਾਉਂਦੇ ਸਨ।

ਇੱਕ ਵਾਰ ਬਾਪੂ ਇੱਕ ਥਾਂ 'ਤੇ ਰੁਕੇ ਹੋਏ ਸਨ। ਉੱਥੋਂ ਥੋੜ੍ਹੀ ਦੂਰੀ 'ਤੇ ਹੀ ਇੱਕ ਸਕੂਲ ਸੀ। ਇਸ ਦੀ ਜਾਣਕਾਰੀ ਜਦ ਬਾਪੂ ਨੂੰ ਮਿਲ਼ੀ ਤਾਂ ਉਹ ਬੱਚਿਆਂ ਨੂੰ ਮਿਲ਼ਨ ਲਈ ਉਤਸੁਕ ਹੋ ਗਏ। ਉਹਨਾਂ ਨੇ ਕਿਹਾ, "ਮੈਂ ਸਕੂਲ ਵੇਖਣਾ ਚਾਹੁੰਦਾ ਹਾਂ ਅਤੇ ਬੱਚਿਆਂ ਨੂੰ ਮਿਲ਼ਨਾ ਚਾਹੁੰਦਾ ਹਾਂ।"

ਅਜ਼ਾਦੀ—ਸੁਤੰਤਰਤਾ (freedom)।
ਯਾਤਰਾ—ਸਫ਼ਰ (journey)।
ਸਮਾਚਾਰ—ਖ਼ਬਰ (news)।



ਬਾਪੂ ਸਕੂਲ ਵਿੱਚ ਆ ਰਹੇ ਹਨ, ਇਹ ਸਮਾਚਾਰ ਤੇਜ਼ੀ ਨਾਲ਼ ਸਕੂਲ ਵਿੱਚ ਫੈਲ ਗਿਆ। ਵਿਦਿਆਰਥੀ ਉਹਨਾਂ ਨੂੰ ਵੇਖਣ ਲਈ ਉਤਾਵਲੇ ਹੋ ਗਏ। ਅਧਿਆਪਕ ਅਤੇ ਵਿਦਿਆਰਥੀ ਉਹਨਾਂ ਦੇ ਆਉਣ ਦੀ ਉਡੀਕ ਕਰਨ ਲੱਗੇ।

ਥੋੜ੍ਹੀ ਹੀ ਦੇਰ ਵਿੱਚ ਬਾਪੂ ਸਕੂਲ ਪਹੁੰਚ ਗਏ। ਗੋਡਿਆਂ ਤੱਕ ਧੋਤੀ ਅਤੇ ਹੱਥ ਵਿੱਚ ਸੋਟੀ ਫੜੇ ਬਾਪੂ ਸਕੂਲ ਵਿੱਚ ਦਾਖ਼ਲ ਹੋਏ। ਬੱਚਿਆਂ ਨੂੰ ਵੇਖਦੇ ਹੀ ਬਾਪੂ ਮੁਸਕਰਾ ਪਏ। ਉਹ ਬੱਚਿਆਂ ਕੋਲ਼ ਚਲੇ ਗਏ। ਉਹਨਾਂ ਨੇ ਬੱਚਿਆਂ ਨਾਲ਼ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ।

ਬਾਪੂ ਅਤੇ ਬੱਚਿਆਂ ਵਿਚਕਾਰ ਖ਼ੂਬ ਗੱਲਬਾਤ ਹੋਈ। ਬਾਪੂ ਨੇ ਬੱਚਿਆਂ ਨਾਲ਼ ਉਹਨਾਂ ਦੇ ਮਾਤਾ-ਪਿਤਾ, ਘਰ-ਪਰਿਵਾਰ ਅਤੇ ਪੜ੍ਹਾਈ-ਲਿਖਾਈ ਦੀਆਂ ਗੱਲਾਂ ਕੀਤੀਆਂ। ਬਾਪੂ ਨੇ ਬੱਚਿਆਂ ਨਾਲ਼ ਖੇਡਣ-ਕੁੱਦਣ, ਸ਼ਰਾਰਤਾਂ ਕਰਨ ਦੀਆਂ ਵੀ ਗੱਲਾਂ ਕੀਤੀਆਂ।

ਬੱਚਿਆਂ ਨੂੰ ਬਾਪੂ ਬਹੁਤ ਪਿਆਰ ਕਰਨ ਵਾਲ਼ੇ ਆਪਣੇ ਦਾਦਾ ਜੀ ਦੀ ਤਰ੍ਹਾਂ ਲੱਗੇ। ਬੱਚੇ ਬਾਪੂ ਨਾਲ਼ ਘੁਲ਼-ਮਿਲ਼ ਕੇ ਗੱਲਾਂ ਕਰਨ ਲੱਗੇ। ਗੱਲ-ਬਾਤ ਦੌਰਾਨ ਬਾਪੂ ਖ਼ੂਬ ਹੱਸੇ, ਬੱਚੇ ਵੀ ਖ਼ੂਬ ਹੱਸੇ।

ਬਾਪੂ ਸਕੂਲ ਤੋਂ ਵਾਪਸ ਆਉਣ ਲੱਗੇ ਤਾਂ ਉਹਨਾਂ ਦੀ ਨਜ਼ਰ ਇੱਕ ਬੱਚੇ 'ਤੇ ਗਈ। ਬੱਚਾ ਕੁਝ ਕਹਿਣਾ ਚਾਹੁੰਦਾ ਸੀ। ਬਾਪੂ ਉਸ ਦੇ ਕੋਲ਼ ਗਏ।

ਬਾਪੂ ਨੇ ਕਿਹਾ, "ਕਹੋ ਬੱਚੇ, ਕੀ ਕਹਿਣਾ ਚਾਹੁੰਦੇ ਹੋ?"

ਬੱਚੇ ਦਾ ਸੰਕੋਚ ਖ਼ਤਮ ਹੋ ਗਿਆ। ਉਸ ਨੇ ਬਾਪੂ ਨੂੰ ਪੁੱਛਿਆ, "ਤੁਸੀਂ ਨੰਗੇ ਸਰੀਰ ਕਿਉਂ ਰਹਿੰਦੇ ਹੋ? ਤੁਹਾਡੇ ਕੁੜਤੇ ਨੂੰ ਕੀ ਹੋ ਗਿਆ?"

ਬਾਪੂ ਨੇ ਹੱਸ ਕੇ ਕਿਹਾ, "ਮੇਰੇ ਕੋਲ਼ ਕੁੜਤਾ ਨਹੀਂ ਹੈ।"

ਬੱਚਾ ਦੁਖੀ ਹੋ ਕੇ ਕਹਿਣ ਲੱਗਾ, "ਕੀ ਤੁਸੀਂ ਮੇਰੀ ਮਾਂ ਦੁਆਰਾ ਸੀਤਾ ਹੋਇਆ ਕੁੜਤਾ ਪਾ ਲਵੋਗੇ? ਮੈਂ ਆਪਣੀ ਮਾਂ ਨੂੰ ਕਹਾਂਗਾ ਅਤੇ ਉਹ ਤੁਹਾਡੇ ਲਈ ਕੁੜਤਾ ਸਿਉਂ ਦੇਵੇਗੀ।"

"ਹਾਂ, ਹਾਂ, ਬੱਚੇ, ਕਿਉਂ ਨਹੀਂ ਪਾਵਾਂਗਾ ? ਪਰ ਮੈਂ ਇਕੱਲਾ ਨਹੀਂ ਹਾਂ," ਬਾਪੂ ਨੇ ਕਿਹਾ।

"ਤੁਹਾਡੇ ਨਾਲ਼ ਕਿੰਨੇ ਆਦਮੀ ਹਨ ? ਮੇਰੀ ਮਾਂ ਦੋ-ਤਿੰਨ ਕੁੜਤੇ ਵੀ ਸਿਉਂ ਦੇਵੇਗੀ। ਉਹ ਬਹੁਤ ਚੰਗੀ ਹੈ।" ਬੱਚੇ ਨੇ ਕਿਹਾ।

"ਮੇਰੇ ਨਾਲ਼ ਚਾਲ਼ੀ ਕਰੋੜ ਦੇਸ਼ਵਾਸੀ ਹਨ। ਜਦੋਂ ਸਾਰੇ ਕੁੜਤਾ ਪਾਉਣਗੇ, ਤਦ ਮੈਂ ਵੀ ਪਾਵਾਂਗਾ," ਹੱਸਦੇ ਹੋਏ ਬਾਪੂ ਨੇ ਕਿਹਾ।

**ਦੇਸ਼ਵਾਸੀ**—ਨਾਗਰਿਕ (citizens)।

ਬਾਪੂ ਨੂੰ ਹੱਸਦਾ ਹੋਇਆ ਵੇਖ ਕੇ ਬੱਚੇ ਵੀ ਹੱਸ ਪਏ। ਬੱਚਿਆਂ ਦੇ ਬਾਪੂ ਹੱਸਦੇ ਹੋਏ ਬੱਚਿਆਂ ਤੋਂ ਵਿਦਾ ਹੋਏ।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਬਾਪੂ ਕਿਸ ਨੂੰ ਅਜ਼ਾਦ ਕਰਵਾਉਣਾ ਚਾਹੁੰਦੇ ਸਨ ?

ਬੱਚਿਆਂ ਨੂੰ ☐ ਦੁਨੀਆ ਨੂੰ ☐ ਦੇਸ਼ ਨੂੰ ☐ ਜਾਨਵਰਾਂ ਨੂੰ ☐

(ਅ) ਭਾਰਤ ਉੱਪਰ ਕਿਨ੍ਹਾਂ ਦਾ ਰਾਜ ਸੀ ?

ਚੀਨੀਆਂ ਦਾ ☐ ਰੂਸੀਆਂ ਦਾ ☐

ਅੰਗਰੇਜ਼ਾਂ ਦਾ ☐ ਮੁਗ਼ਲਾਂ ਦਾ ☐

(ੲ) ਬਾਪੂ ਕੀ ਵੇਖਣਾ ਚਾਹੁੰਦੇ ਸਨ ?

ਸਕੂਲ ☐ ਹਸਪਤਾਲ ☐ ਸਿਨੇਮਾ ☐ ਸ਼ਹਿਰ ☐

(ਸ) ਬਾਪੂ ਦੇ ਹੱਥ ਵਿੱਚ ਕੀ ਫੜਿਆ ਹੋਇਆ ਸੀ ?

ਫ਼ੋਨ ☐ ਸੋਟੀ ☐ ਤੋਹਫ਼ੇ ☐ ਕੁਝ ਨਹੀਂ ☐

(ਹ) ਬੱਚਾ ਬਾਪੂ ਨੂੰ ਕੀ ਦੇਣਾ ਚਾਹੁੰਦਾ ਸੀ ?

ਸੋਟੀ ☐ ਧੋਤੀ ☐ ਐਨਕ ☐ ਕੁੜਤਾ ☐

## 2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਲੋਕ ਮਹਾਤਮਾ ਗਾਂਧੀ ਜੀ ਨੂੰ ਪਿਆਰ ਨਾਲ਼ ਕੀ ਆਖਦੇ ਸਨ ?

ਉੱਤਰ ..........................................................................................

(ਅ) ਬੱਚਿਆਂ ਨਾਲ਼ ਖੇਡਣਾ ਕਿਸ ਨੂੰ ਚੰਗਾ ਲੱਗਦਾ ਸੀ ?

ਉੱਤਰ ..........................................................................................

(ੲ) ਮਹਾਤਮਾ ਗਾਂਧੀ ਬੱਚਿਆਂ ਨੂੰ ਕਿਸ ਦਾ ਰੂਪ ਮੰਨਦੇ ਸਨ ?

ਉੱਤਰ ..........................................................................................

(ਸ) ਭਾਰਤ ਉੱਤੇ ਕਿਸ ਦਾ ਰਾਜ ਸੀ ?

ਉੱਤਰ ..........................................................................................

(ਹ) ਬੱਚਿਆਂ ਨੂੰ ਬਾਪੂ ਕਿਸ ਵਾਂਗ ਲੱਗੇ ?

ਉੱਤਰ ..........................................................................................

## 3. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :

(ੳ) ਉਹ ਸਾਰਿਆਂ ਨੂੰ ...................... ਕਰਦੇ ਸਨ। (ਪਿਆਰ, ਗੁੱਸਾ)

(ਅ) ਭਾਰਤ ...................... ਸੀ। (ਅਜ਼ਾਦ, ਗ਼ੁਲਾਮ)

(ੲ) ਬਾਪੂ ...................... ਵਿੱਚ ਆ ਰਹੇ ਹਨ। (ਸਕੂਲ, ਘਰ)

(ਸ) ...................... ਕੁਝ ਕਹਿਣਾ ਚਾਹੁੰਦਾ ਸੀ। (ਬੱਚਾ, ਨੌਕਰ)

(ਹ) ਮੇਰੇ ਕੋਲ਼ ...................... ਨਹੀਂ ਹੈ। (ਕੁੜਤਾ, ਕਮੀਜ਼)

## 4. ਪਾਠ ਅਨੁਸਾਰ ਸਹੀ ਵਾਕ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ। ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ :

(ੳ) ਬਾਪੂ ਕੇਵਲ ਬੱਚਿਆਂ ਨੂੰ ਹੀ ਪਿਆਰ ਕਰਦੇ ਸਨ। ☐

(ਅ) ਬਾਪੂ ਬੱਚਿਆਂ ਨੂੰ ਰੱਬ ਦਾ ਰੂਪ ਮੰਨਦੇ ਸਨ। ☐
(ੲ) ਬਾਪੂ ਹਸਪਤਾਲ ਗਏ। ☐
(ਸ) ਬਾਪੂ ਨੇ ਕੋਟ ਪੈਂਟ ਪਾਇਆ ਹੋਇਆ ਸੀ। ☐
(ਹ) ਬਾਪੂ ਨੇ ਹੱਥ ਵਿੱਚ ਸੋਟੀ ਫੜੀ ਹੋਈ ਸੀ। ☐

**5. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਬਾਪੂ | — | ਸਾਡੇ ਬਾਪੂ ਦੀ ਪਿੰਡ ਵਿੱਚ ਬਹੁਤ ਇੱਜ਼ਤ ਹੈ। (ਉਦਾਹਰਨ) |
| (ਅ) ਖੇਡਣਾ | — | ................................................................ |
| (ੲ) ਅਜ਼ਾਦ | — | ................................................................ |
| (ਸ) ਗ਼ੁਲਾਮ | — | ................................................................ |
| (ਹ) ਧੋਤੀ | — | ................................................................ |
| (ਕ) ਨਜ਼ਰ | — | ................................................................ |

**6. ਉਚਿਤ ਮਿਲ਼ਾਨ ਕਰੋ :**

| | |
|---|---|
| (ੳ) ਦੇਸ਼ ਵਿੱਚ ਰਹਿਣ ਵਾਲ਼ੇ ਲੋਕ | ਅਧਿਆਪਕ |
| (ਅ) ਜਿੱਥੇ ਬੱਚੇ ਪੜ੍ਹਦੇ ਹੋਣ | ਵਿਦਿਆਰਥੀ |
| (ੲ) ਸਕੂਲ ਵਿੱਚ ਪੜ੍ਹਾਉਣ ਵਾਲ਼ਾ | ਦੇਸ਼ਵਾਸੀ |
| (ਸ) ਵਿੱਦਿਆ ਪ੍ਰਾਪਤ ਕਰਨ ਵਾਲ਼ਾ | ਗ਼ੁਲਾਮ |
| (ਹ) ਕਿਸੇ ਦੇ ਅਧੀਨ | ਸਕੂਲ |

**7. ਹੇਠਾਂ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਬਾਪੂ ਸਕੂਲ ਵਿੱਚ ਆ ਰਹੇ ਹਨ, ਇਹ ਸਮਾਚਾਰ ਤੇਜ਼ੀ ਨਾਲ਼ ਸਕੂਲ ਵਿੱਚ ਫੈਲ ਗਿਆ। ਵਿਦਿਆਰਥੀ ਉਹਨਾਂ ਨੂੰ ਵੇਖਣ ਲਈ ਉਤਾਵਲੇ ਹੋ ਗਏ। ਅਧਿਆਪਕ ਅਤੇ ਵਿਦਿਆਰਥੀ ਉਹਨਾਂ ਦੇ ਆਉਣ ਦੀ ਉਡੀਕ ਕਰਨ ਲੱਗੇ। ਥੋੜ੍ਹੀ ਹੀ ਦੇਰ ਵਿੱਚ ਬਾਪੂ ਸਕੂਲ ਪਹੁੰਚ ਗਏ। ਗੋਡਿਆਂ ਤੱਕ ਧੋਤੀ ਅਤੇ ਹੱਥ ਵਿੱਚ ਸੋਟੀ ਫੜੇ ਬਾਪੂ ਸਕੂਲ ਵਿੱਚ ਦਾਖ਼ਲ ਹੋਏ। ਬੱਚਿਆਂ ਨੂੰ ਵੇਖਦੇ ਹੀ ਬਾਪੂ ਮੁਸਕਰਾ ਪਏ। ਉਹ ਬੱਚਿਆਂ ਕੋਲ਼ ਚਲੇ ਗਏ। ਉਹਨਾਂ ਨੇ ਬੱਚਿਆਂ ਨਾਲ਼ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ।

(ੳ) ਸਕੂਲ ਵਿੱਚ ਕੀ ਫੈਲ ਗਿਆ ?

ਕੋਰੋਨਾ ☐ ਧੂੰਆਂ ☐ ਬੱਦਲ਼ ☐ ਸਮਾਚਾਰ ☐

(ਅ) ਵਿਦਿਆਰਥੀ ਕਿਸ ਨੂੰ ਵੇਖਣ ਲਈ ਉਤਾਵਲੇ ਹੋ ਰਹੇ ਸਨ ?

ਅੰਗਰੇਜ਼ ਨੂੰ ☐ ਬਾਪੂ ਨੂੰ ☐ ਅਧਿਆਪਕ ਨੂੰ ☐ ਸਕੂਲ ਨੂੰ ☐

(ੲ) ਕਿਸ ਦੀ ਉਡੀਕ ਹੋ ਰਹੀ ਸੀ ?

ਬਾਪੂ ਦੀ ☐ ਅਧਿਆਪਕ ਦੀ ☐ ਅੰਗਰੇਜ਼ਾਂ ਦੀ ☐ ਬੱਚਿਆਂ ਦੀ ☐

(ਸ) ਬਾਪੂ ਨੇ ਕੀ ਪਹਿਨਿਆ ਸੀ ?

ਕੁੜਤਾ ☐ ਧੋਤੀ ☐ ਪੈਂਟ ☐ ਪਜਾਮਾ ☐

(ਹ) ਬਾਪੂ ਅਤੇ ਬੱਚਿਆਂ ਵਿਚਾਲੇ ਕੀ ਹੋਈ ?

ਗੱਲਬਾਤ ☐ ਖੇਡ ☐ ਭਾਸ਼ਣ ☐ ਤਕਰਾਰ ☐




**1. ਲਿੰਗ ਬਦਲ ਕੇ ਦੁਬਾਰਾ ਲਿਖੋ :**

(ੳ) ਬਾਪੂ ......ਬੇਬੇ......  (ਸ) ਦਾਦਾ ..................

(ਅ) ਵਿਦਿਆਰਥੀ ..................  (ਹ) ਬੱਚਾ ..................

(ੲ) ਮਾਤਾ ..................  (ਕ) ਮਾਂ ..................

**2. ਹੇਠਾਂ ਦਿੱਤੇ ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣ ਕੇ ਸਾਹਮਣੇ ਲਿਖੋ—**

(ੳ) ਇੱਕ ਵਾਰ ਬਾਪੂ ਇੱਕ ਥਾਂ ਰੁਕੇ ਹੋਏ ਸਨ। ......ਬਾਪੂ......

(ਅ) ਥੋੜ੍ਹੀ ਦੂਰ ਇੱਕ ਸਕੂਲ ਸੀ। ..................

(ੲ) ਉਹਨਾਂ ਨੇ ਧੋਤੀ ਪਹਿਨੀ ਹੋਈ ਸੀ। ..................

(ਸ) ਮੇਰੇ ਕੋਲ਼ ਕੁੜਤਾ ਨਹੀਂ ਹੈ। ..................

(ਹ) ਉਹਨਾਂ ਨੇ ਸੋਟੀ ਫੜੀ ਹੋਈ ਸੀ। ..................


**3. ਹੇਠਾਂ ਦਿੱਤੇ ਸ਼ਬਦ ਜੋੜਿਆਂ ਵਿੱਚੋਂ ਸ਼ੁੱਧ ਸ਼ਬਦ ਚੁਣ ਕੇ ਸਾਹਮਣੇ ਲਿਖੋ :**

(ੳ) ਕੰਗੀ/ਕੰਘੀ ......ਕੰਘੀ......  (ਅ) ਚੋਗਾ/ਚੋਘਾ ..................

(ਝ) ਭਿੱਜ/ਭਿੱਝ ........................ (ਸ) ਬੋਜ/ਬੋਝ ........................

(ਹ) ਔਰਤ/ਓਰਤ ........................ (ਕ) ਅੰਭ/ਅੰਬ ........................

(ਖ) ਏਨਕ/ਐਨਕ ........................ (ਅ) ਔਖਾ/ਓਖਾ ........................



## ਯੋਗਤਾ ਵਿਸਤਾਰ

- ਵਿਦਿਆਰਥੀ 'ਬਾਪੂ' ਦੀਆਂ ਪੰਜ ਸਿੱਖਿਆਵਾਂ ਸੋਹਣੀਆਂ ਕਰਕੇ ਇੱਕ ਚਾਰਟ ਉੱਤੇ ਲਿਖਣ।
- ਵਿਦਿਆਰਥੀ ਮਹਾਤਮਾ ਗਾਂਧੀ ਜੀ ਦੇ ਜੀਵਨ ਨਾਲ਼ ਸੰਬੰਧਿਤ ਪੰਜ ਤਸਵੀਰਾਂ ਆਪਣੀ ਕਾਪੀ ਵਿੱਚ ਚਿਪਕਾਉਣ।



## ਅਧਿਆਪਕ ਲਈ

- ਅਧਿਆਪਕ ਸਾਹਿਬਾਨ ਵਿਦਿਆਰਥੀਆਂ ਨੂੰ ਮਹਾਤਮਾ ਗਾਂਧੀ ਜੀ ਦੇ ਬਚਪਨ ਨਾਲ਼ ਸੰਬੰਧਿਤ ਕਹਾਣੀਆਂ ਸੁਣਾ ਕੇ ਨਕਲ ਨਾ ਕਰਨ ਅਤੇ ਸੱਚਾਈ ਦੇ ਰਸਤੇ ਉੱਪਰ ਚੱਲਣ ਲਈ ਪ੍ਰੇਰਨ।




# ਟੋਪੀਆਂ ਵਾਲ਼ਾ ਭਾਈ

## ਪਾਠ ਬਾਰੇ ਚਰਚਾ

- ਕੀ ਤੁਸੀਂ ਕਦੇ ਬਾਂਦਰ ਵੇਖਿਆ ਹੈ ?
- ਬਾਂਦਰ ਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ ?
- ਬਾਂਦਰ ਕੀ ਖਾਣਾ ਪਸੰਦ ਕਰਦੇ ਹਨ ?

ਇੱਕ ਸੀ ਟੋਪੀਆਂ ਵਾਲ਼ਾ ਭਾਈ
ਸਿਰ 'ਤੇ ਗਠੜੀ ਬੰਨ੍ਹ ਟਿਕਾਈ

ਧੁੱਪੇ-ਧੁੱਪੇ ਤੁਰਿਆ ਜਾਵੇ
ਆਪਣੀ ਲੰਮੀ ਵਾਟ ਮੁਕਾਵੇ

ਥੱਕ ਕੇ ਹੋ ਗਿਆ ਚਕਨਾਚੂਰ
ਰੁੱਖ ਉਸ ਨੂੰ ਇੱਕ ਦਿਸਿਆ ਦੂਰ

ਆ ਕੇ ਓਸ ਰੁੱਖ ਦੇ ਥੱਲੇ
ਆਖਣ ਲੱਗਾ ਬੱਲੇ-ਬੱਲੇ

ਏਨੀ ਸੋਹਣੀ 'ਵਾ ਪਈ ਚੱਲੇ
ਸਿੱਧਾ ਰੱਬ ਸੁਰਗਾਂ ਤੋਂ ਘੱਲੇ

ਏਨੀਆਂ ਠੰਢੀਆਂ-ਮਿੱਠੀਆਂ ਛਾਂਵਾਂ
ਦੋ ਘੜੀਆਂ ਏਥੇ ਬਹਿ ਜਾਵਾਂ

ਆਏ ਟੂਣੇਹਾਰੇ ਬੁੱਲੇ
ਭਾਈ ਨੂੰ ਸਭ ਪਾਸੇ ਭੁੱਲੇ

ਗਠੜੀ—ਪੋਟਲੀ (bundle)। ਵਾਟ—ਰਸਤਾ (path)। ਚਕਨਾਚੂਰ—ਟੁੱਟ (break)। 'ਵਾ—ਹਵਾ (air)। ਸੁਰਗ—ਸਵਰਗ (heaven)। ਘੜੀਆਂ—ਸਮੇਂ ਦੀ ਇਕਾਈ (units of time)। ਬੁੱਲੇ—ਹਵਾ ਦੇ ਹੁਲਾਰੇ (puffs of air)।



ਪੈ ਗਿਆ ਬਾਂਹ 'ਤੇ ਰੱਖ ਕੇ ਸਿਰ
ਡੂੰਘੀ ਨੀਂਦਰ ਸੌਂ ਗਿਆ ਫਿਰ

ਉੱਚੀ ਪਿਆ ਘੁਰਾੜੇ ਮਾਰੇ
ਦੇਵੇ ਠੰਢੀ ਪੌਣ ਹੁਲਾਰੇ

ਸੁਪਨੇ ਦੇ ਵਿੱਚ ਬੋਝੇ ਭਰਦਾ
ਦਿੱਲੀ ਦੱਖਣ ਸੌਦੇ ਕਰਦਾ

ਜਦੋਂ ਅਚਾਨਕ ਨੀਂਦਰ ਟੁੱਟੀ
ਮਾਨੋਂ ਉਸ ਦੀ ਕਿਸਮਤ ਫੁੱਟੀ

ਗਠੜੀ ਗੁੰਮ ਸੀ ਟੋਪੀਆਂ ਵਾਲ਼ੀ
ਚਾਦਰ ਕੋਲ਼ ਪਈ ਸੀ ਖ਼ਾਲੀ

ਮਾਰਿਆ ਮੱਥੇ ਉੱਤੇ ਹੱਥ
ਕਿਉਂ ਮਾਰੀ ਗਈ ਮੇਰੀ ਮੱਤ

ਗਠੜੀ ਸਿਰ ਦੇ ਹੇਠਾਂ ਧਰਦਾ
ਹੁਣ ਨਾ ਇਉਂ ਪਛਤਾਵਾ ਕਰਦਾ

ਏਧਰ ਦੇਖੇ ਓਧਰ ਦੇਖੇ
ਤਰ੍ਹਾਂ-ਤਰ੍ਹਾਂ ਦੇ ਕਰਦਾ ਲੇਖੇ

ਨਿਗ੍ਹਾ ਓਦੀ ਜਦ ਗਈ ਉਤਾਂਹ
ਦੇਖ ਕੇ ਗਿਆ ਕਲੇਜਾ ਠਾਂਹ

ਰੁੱਖ ਦੀਆਂ ਟਾਹਣਾਂ ਉੱਤੇ ਫੱਬੇ
ਬਾਂਦਰ ਬੈਠੇ ਸੱਜੇ ਖੱਬੇ

ਹਰ ਬਾਂਦਰ ਦੇ ਸਿਰ 'ਤੇ ਟੋਪੀ
ਦੇਖ ਕੇ ਹੋਇਆ ਬੜਾ ਕਰੋਪੀ



ਬੋਝਾ—ਜੇਬ (pocket)।
ਸੌਦਾ—ਖ਼ਰੀਦਦਾਰੀ (trade)। ਮੱਤ—ਬੁੱਧੀ (intelligence)।
ਉਤਾਂਹ—ਉੱਪਰ (up)।
ਠਾਂਹ—ਹੇਠਾਂ (down)।
ਕਰੋਪੀ—ਗੁੱਸੇ (angry)।

ਮੂੰਹ ਬਣਾਉਂਦੇ ਭਾਂਤ-ਸੁਭਾਂਤੀ
ਬਾਂਦਰ ਬੈਠੇ ਬਣੇ ਬਰਾਤੀ

ਕਰੇ ਸੈਨਤਾਂ ਟੋਪੀਆਂ ਵਾਲ਼ਾ
ਕਰੋ ਨਾ ਐਵੇਂ ਘਾਲ਼ਾ-ਮਾਲ਼ਾ

ਦਿਓ ਟੋਪੀਆਂ ਕਿਰਪਾ ਕਰ ਕੇ
ਰਿਜ਼ਕ ਕਮਾਵਾਂ ਮੈਂ ਮਰ-ਮਰ ਕੇ

ਬਾਂਦਰ ਲਾਉਣ ਉਹਦੀਆਂ ਰੀਸਾਂ
ਸਮਝਣ ਨਾ ਉਹਦੇ ਦਿਲ ਦੀਆਂ ਚੀਸਾਂ

ਉਸ ਨੇ ਚੁੱਕ ਕੇ ਵੱਟੇ ਮਾਰੇ
ਬਾਂਦਰਾਂ ਪੱਤੇ ਤੋੜ ਖਿਲਾਰੇ

ਚੱਲਿਆ ਨਾ ਜਦ ਕੋਈ ਢੰਗ
ਟੋਪੀਆਂ ਵਾਲ਼ਾ ਪੈ ਗਿਆ ਤੰਗ


ਉਸ ਨੇ ਆਪਣੇ ਸਿਰ ਦੀ ਟੋਪੀ
ਲਾਹੀ ਸਿਰ ਤੋਂ ਹੋਇ ਕਰੋਪੀ

ਧਰਤੀ 'ਤੇ ਪਟਕਾ ਕੇ ਮਾਰੀ
ਕਹਿੰਦਾ ਛੱਡ ਕੇ ਹਿੰਮਤ ਸਾਰੀ

ਅਹਿ ਲੈ ਚੁੱਕ ਬਾਂਦਰ ਦੀਏ ਜਾਤੇ
ਆਹ ਟੋਪੀ ਵੀ ਲੈ ਜਾ ਆ ਕੇ

ਬਾਂਦਰਾਂ ਉਸ ਦੀ ਨਕਲ ਲਗਾਈ
ਜਿਸ-ਜਿਸ ਨੇ ਸੀ ਟੋਪੀ ਪਾਈ

ਆਪਣੇ-ਆਪਣੇ ਸਿਰੋਂ ਉਤਾਰੀ
ਉਸ ਵਾਂਗੂੰ ਪਟਕਾ ਕੇ ਮਾਰੀ



**ਰਿਜ਼ਕ**—ਜੀਵਕਾ (sustenance) ।

ਟੋਪੀਆਂ ਸਾਰੀਆਂ ਭੁੰਜੇ ਲੱਥੀਆਂ
ਭਾਈ ਨੇ ਕਰ ਲਈਆਂ ਕੱਠੀਆਂ

ਗਠੜੀ ਬੰਨ੍ਹ ਲਈ 'ਕੱਠੀਆਂ ਕਰ ਕੇ
ਤੁਰ ਪਿਆ ਸ਼ੁਕਰ ਖ਼ੁਦਾ ਦਾ ਕਰ ਕੇ

ਠੁਮਕ-ਠੁਮਕ ਫਿਰ ਕਰਦਾ ਚੱਲਿਆ
ਗਠੜੀ ਸਾਂਭ ਕੇ ਰਸਤਾ ਮੱਲਿਆ

ਜੋ ਵੀ ਰਸਤੇ ਦੇ ਵਿੱਚ ਮਿਲ਼ਿਆ
ਉਸ ਨੂੰ ਕਹਿੰਦਾ ਸੁਣ ਬਈ ਭਲਿਆ

ਭੁੱਲੀਂ ਕਦੀ ਨਾ ਮੇਰੀ ਗੱਲ
ਚੇਤੇ ਰੱਖੀਂ ਅੱਜ ਤੇ ਕੱਲ੍ਹ

ਮਾਤ-ਪਿਤਾ ਦੇ ਬਰਖ਼ੁਰਦਾਰ
ਰਹੀਂ ਸਦਾ ਹੋ ਕੇ ਹੁਸ਼ਿਆਰ।



ਭੁੰਜੇ—ਧਰਤੀ 'ਤੇ (on the earth)।
'ਕੱਠੀਆਂ—ਇਕੱਠੀਆਂ (collect)।
ਖ਼ੁਦਾ—ਪਰਮਾਤਮਾ (God)।
ਬਰਖ਼ੁਰਦਾਰ—ਪੁੱਤਰ (son)।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਭਾਈ ਨੇ ਸਿਰ ਉੱਤੇ ਕੀ ਚੁੱਕਿਆ ਹੋਇਆ ਸੀ ?

ਗਠੜੀ ☐ ਪੱਠੇ ☐ ਘੜਾ ☐ ਟਰੰਕ ☐

(ਅ) ਭਾਈ ਨੂੰ ਦੂਰ ਕੀ ਦਿਖਾਈ ਦਿੱਤਾ ?

ਬਾਂਦਰ ☐ ਗਠੜੀ ☐ ਰੁੱਖ ☐ ਟੋਪੀ ☐

(ੲ) ਰੱਬ ਸਵਰਗਾਂ ਤੋਂ ਕੀ ਭੇਜ ਰਿਹਾ ਸੀ ?

ਫੁੱਲ ☐ ਧੁੱਪ ☐ ਬੱਦਲ਼ ☐ ਹਵਾ ☐

(ਸ) ਕਿਹੜੀ ਗਠੜੀ ਗੁੰਮ ਹੋ ਗਈ ਸੀ ?

ਪੈਸਿਆਂ ਵਾਲ਼ੀ ☐ ਟੋਪੀਆਂ ਵਾਲ਼ੀ ☐

ਕੱਪੜਿਆਂ ਵਾਲ਼ੀ ☐ ਘਾਹ ਵਾਲ਼ੀ ☐

(ਹ) ਬਰਖ਼ੁਰਦਾਰ ਦਾ ਕੀ ਅਰਥ ਹੈ ?

ਧੀ ☐ ਭਤੀਜਾ ☐ ਪੁੱਤਰ ☐ ਭਾਣਜਾ ☐

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਟੋਪੀਆਂ ਵਾਲ਼ਾ ਭਾਈ ਕਿੱਥੇ ਅਰਾਮ ਕਰਨ ਲੱਗਾ ?

ਉੱਤਰ ..........................................................................................

(ਅ) ਭਾਈ ਸੁਪਨੇ ਵਿੱਚ ਕੀ ਕਰ ਰਿਹਾ ਸੀ ?

ਉੱਤਰ ..........................................................................................

(ੲ) ਟੋਪੀਆਂ ਕੌਣ ਚੁੱਕ ਕੇ ਲੈ ਗਏ ?

ਉੱਤਰ ..........................................................................................

(ਸ) ਭਾਈ ਨੇ ਆਪਣੀ ਟੋਪੀ ਕਿੱਥੇ ਲਾਹ ਕੇ ਸੁੱਟੀ ?

ਉੱਤਰ ..........................................................................................

(ਹ) ਬਾਂਦਰਾਂ ਨੇ ਕਿਸ ਦੀ ਨਕਲ ਉਤਾਰੀ ?

ਉੱਤਰ ..........................................................................................

**3. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ੳ) ਆਪਣੀ ਲੰਮੀ.......................... ਮੁਕਾਵੇ। (ਵਾਟ, ਗੀਝ)

(ਅ) ਸਿੱਧਾ .......................... ਸੁਰਗਾਂ ਤੋਂ ਘੱਲੇ। (ਰੱਬ, ਗੁਰੂ)

(ੲ) ਉੱਚੀ ਪਿਆ .......................... ਮਾਰੇ। (ਘੁਰਾੜੇ, ਵੱਟੇ)

(ਸ) ਹਰ .......................... ਦੇ ਸਿਰ ’ਤੇ ਟੋਪੀ। (ਆਦਮੀ, ਬਾਂਦਰ)

(ਹ) ਗਠੜੀ ਸਾਂਭ ਕੇ .......................... ਮੱਲਿਆ। (ਰਸਤਾ, ਕਮਰਾ)

4. ਪਾਠ ਅਨੁਸਾਰ ਸਹੀ ਵਾਕ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ। ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ :

(ੳ) ਭਾਈ ਕੁਲਫ਼ੀਆਂ ਵੇਚਦਾ ਸੀ। ☐

(ਅ) ਭਾਈ ਥੱਕ ਕੇ ਧੁੱਪੇ ਸੌਂ ਗਿਆ। ☐

(ੲ) ਬਾਂਦਰ ਭਾਈ ਦੀ ਰੋਟੀ ਚੁੱਕ ਕੇ ਲੈ ਗਏ। ☐

(ਸ) ਭਾਈ ਬਹੁਤ ਪਛਤਾਉਣ ਲੱਗਾ। ☐

(ਹ) ਟੋਪੀਆਂ ਮਿਲ਼ਨ 'ਤੇ ਭਾਈ ਨੇ ਖ਼ੁਦਾ ਦਾ ਸ਼ੁਕਰ ਕੀਤਾ। ☐

5. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

| | ਸ਼ਬਦ | | ਵਾਕ |
|---|---|---|---|
| (ੳ) | ਟੋਪੀਆਂ | — | ਅੱਜ ਟੋਪੀਆਂ ਵਾਲ਼ਾ ਭਾਈ ਆਇਆ। (ਉਦਾਹਰਨ) |
| (ਅ) | ਰੱਬ | — | ........................................ |
| (ੲ) | ਛਾਂਵਾਂ | — | ........................................ |
| (ਸ) | ਬੁੱਲੇ | — | ........................................ |
| (ਹ) | ਘੁਰਾੜੇ | — | ........................................ |
| (ਕ) | ਦੱਖਣ | — | ........................................ |

6. ਉਚਿਤ ਮਿਲ਼ਾਨ ਕਰੋ :

| | | |
|---|---|---|
| (ੳ) | ਧੁੱਪ | ਠਾਂਹ |
| (ਅ) | ਨੀਂਦ | ਖੱਬੇ |
| (ੲ) | ਉਤਾਂਹ | ਕੱਲ੍ਹ |
| (ਸ) | ਸੱਜੇ | ਛਾਂ |
| (ਹ) | ਅੱਜ | ਜਾਗ |

7. ਹੇਠਾਂ ਦਿੱਤੀਆਂ ਕਾਵਿ-ਸਤਰਾਂ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :

ਉਸ ਨੇ ਆਪਣੇ ਸਿਰ ਦੀ ਟੋਪੀ
ਲਾਹੀ ਸਿਰ ਤੋਂ ਹੋਇ ਕਰੋਪੀ

ਧਰਤੀ 'ਤੇ ਪਟਕਾ ਕੇ ਮਾਰੀ
ਕਹਿੰਦਾ ਛੱਡ ਕੇ ਹਿੰਮਤ ਸਾਰੀ

ਅਹਿ ਲੈ ਚੁੱਕ ਬਾਂਦਰ ਦੀਏ ਜਾਤੇ
ਆਹ ਟੋਪੀ ਵੀ ਲੈ ਜਾ ਆ ਕੇ

ਬਾਂਦਰਾਂ ਉਸ ਦੀ ਨਕਲ ਲਗਾਈ
ਜਿਸ-ਜਿਸ ਨੇ ਸੀ ਟੋਪੀ ਪਾਈ

ਆਪਣੇ-ਆਪਣੇ ਸਿਰੋਂ ਉਤਾਰੀ
ਉਸ ਵਾਂਗੂੰ ਪਟਕਾ ਕੇ ਮਾਰੀ

(ੳ) ਭਾਈ ਨੇ ਸਿਰ ਤੋਂ ਕੀ ਲਾਹਿਆ ?

ਗਠੜੀ ☐ ਬਾਂਦਰ ☐ ਟੋਪੀ ☐ ਬੋਰੀ ☐

(ਅ) ਭਾਈ ਨੇ ਧਰਤੀ 'ਤੇ ਕੀ ਪਟਕਾ ਕੇ ਮਾਰਿਆ ?

ਟੋਪੀ ☐ ਬਾਂਦਰ ☐ ਗਠੜੀ ☐ ਪੈਸੇ ☐

(ੲ) ਬਾਂਦਰਾਂ ਨੇ ਕਿਸ ਦੀ ਨਕਲ ਲਗਾਈ ?

ਆਪਣੀ ☐ ਲੜਕੇ ਦੀ ☐ ਭਾਈ ਦੀ ☐ ਕਿਸੇ ਦੀ ਨਹੀਂ ☐

(ਸ) ਬਾਂਦਰਾਂ ਨੇ ਸਿਰ 'ਤੇ ਕੀ ਪਾਇਆ ਸੀ ?

ਪੱਤੇ ☐ ਟੋਪੀਆਂ ☐ ਰੰਗ ☐ ਮਿੱਟੀ ☐

(ਹ) ਬਾਂਦਰਾਂ ਨੇ ਕੀ ਉਤਾਰ ਕੇ ਸੁੱਟ ਦਿੱਤਾ ?

ਟੋਪੀਆਂ ☐ ਗਠੜੀ ☐ ਅੰਬ ☐ ਕੇਲੇ ☐




**1. ਦਿੱਤੇ ਗਏ ਸ਼ਬਦਾਂ ਵਿੱਚੋਂ ਸਮਾਨ ਅਰਥਾਂ ਵਾਲ਼ੇ ਸ਼ਬਦ ਮਿਲ਼ਾਓ :**

| | |
|---|---|
| (ੳ) ਵਾਟ | ਖ਼ੁਦਾ |
| (ਅ) ਥੱਲੇ | ਗਹਿਰੀ |
| (ੲ) ਡੂੰਘੀ | ਹੁਲਾਰੇ |
| (ਸ) ਰੱਬ | ਰਸਤਾ |
| (ਹ) ਬੁੱਲੇ | ਹੇਠਾਂ |

2. ਪਿਆਰੇ ਵਿਦਿਆਰਥੀਓ, ਕਵਿਤਾ ਵਿੱਚ ਕੁਝ ਸ਼ਬਦਾਂ ਵਿਚਾਲੇ ਜੋੜਨੀ (-) ਦਾ ਨਿਸ਼ਾਨ ਪਿਆ ਹੈ। ਇਹ ਸ਼ਬਦ ਸਮਾਸੀ ਸ਼ਬਦ ਅਖਵਾਉਂਦੇ ਹਨ ਜਿਵੇਂ ਕਿ— **ਧੁੱਪੇ-ਧੁੱਪੇ, ਠੰਢੀਆਂ-ਮਿੱਠੀਆਂ ਆਦਿ। ਇਸ ਤਰ੍ਹਾਂ ਦੇ ਕੁਝ ਹੋਰ ਸ਼ਬਦ ਵੀ ਲੱਭ ਕੇ ਲਿਖੋ।**

...................... ...................... ......................

...................... ...................... ......................



## ਯੋਗਤਾ ਵਿਸਤਾਰ

✤ ਇਸ ਕਵਿਤਾ ਨੂੰ ਵਿਦਿਆਰਥੀ ਆਪਣੇ ਸ਼ਬਦਾਂ ਵਿੱਚ ਕਹਾਣੀ ਦੇ ਰੂਪ ਵਿੱਚ ਲਿਖਣ।

..........................................................................................

..........................................................................................

..........................................................................................

..........................................................................................

..........................................................................................

..........................................................................................



## ਅਧਿਆਪਕ ਲਈ

✤ ਅਧਿਆਪਕ ਸਾਹਿਬਾਨ ਬੱਚਿਆਂ ਨੂੰ ਜ਼ਿੰਦਗੀ ਵਿੱਚ ਹਮੇਸ਼ਾਂ ਹੁਸ਼ਿਆਰ ਰਹਿਣ ਲਈ ਪ੍ਰੇਰਨ ਅਤੇ ਇਸ ਕਵਿਤਾ ਨਾਲ਼ ਮਿਲ਼ਦੀ-ਜੁਲਦੀ ਕੋਈ ਹੋਰ ਕਵਿਤਾ ਵੀ ਸੁਣਾਉਣ।




# ਅਨੋਖਾ ਭੇਡੂ

## ਪਾਠ ਬਾਰੇ ਚਰਚਾ

- ਤੁਹਾਨੂੰ ਸਭ ਤੋਂ ਸੋਹਣਾ ਜਾਨਵਰ ਕਿਹੜਾ ਲੱਗਦਾ ਹੈ ਅਤੇ ਕਿਉਂ ?
- ਕੀ ਤੁਸੀਂ ਕਦੇ ਭੇਡੂ ਨਾਲ਼ ਸੰਬੰਧਿਤ ਕੋਈ ਕਹਾਣੀ ਸੁਣੀ ਹੈ ?

ਇੱਕ ਸੀ ਭੇਡੂ। ਇੱਕ ਦਿਨ ਉਹ ਸਵੇਰੇ-ਸਵੇਰੇ ਤਲਾਬ ਉੱਤੇ ਪਾਣੀ ਪੀਣ ਲਈ ਆਇਆ। ਉੱਥੇ ਇੱਕ ਬਾਰਾਂਸਿੰਗਾ ਵੀ ਪਾਣੀ ਪੀ ਰਿਹਾ ਸੀ। ਉਸ ਦੇ ਸਿੰਗ ਭੇਡੂ ਨੂੰ ਬੜੇ ਹੀ ਸੋਹਣੇ ਲੱਗੇ। ਜਦੋਂ ਭੇਡੂ ਨੇ ਪਾਣੀ ਵਿੱਚੋਂ ਆਪਣੀ ਤਸਵੀਰ ਵੇਖੀ ਤਾਂ ਉਸ ਨੂੰ ਆਪਣੇ ਸਿੰਗ ਬੜੇ ਹੀ ਭੈੜੇ ਲੱਗੇ। ਉਹ ਸੋਚਣ ਲੱਗਾ, "ਭਲਾ ਮੇਰੇ ਸਿੰਗ ਬਾਰਾਂਸਿੰਗੇ ਵਰਗੇ ਕਿਉਂ ਨਹੀਂ ਹਨ ?"

ਅਗਲੇ ਦਿਨ ਉਸ ਨੇ ਇੱਕ ਚੀਤੇ ਨੂੰ ਚੱਟਾਨ ਉੱਤੇ ਬੈਠਿਆਂ ਵੇਖਿਆ। ਚੀਤੇ ਦੀ ਚਮਕਦੀ ਸੁਨਹਿਰੀ ਜੱਤ ਤੇ ਧਾਰੀਆਂ ਵੇਖ ਕੇ ਭੇਡੂ ਸੋਚਣ ਲੱਗਾ, "ਭਲਾ ਮੇਰੀ ਜੱਤ ਸੁਨਹਿਰੀ ਤੇ ਧਾਰੀਆਂ ਵਾਲ਼ੀ ਕਿਉਂ



**ਭੇਡੂ**—ਜੰਗਲ਼ੀ ਭੇਡ ਦਾ ਬੱਚਾ (male sheep/ram)।
**ਜੱਤ**—ਜਾਨਵਰਾਂ ਦੇ ਸਰੀਰ ਦੇ ਵਾਲ (hairy growth on skin)।

ਨਹੀਂ ?" ਫੇਰ ਉਸ ਨੇ ਇੱਕ ਜੰਗਲ਼ੀ ਮੁਰਗੇ ਨੂੰ ਵੇਖਿਆ। ਉਸ ਦੀ ਪੂਛ ਬੜੀ ਹੀ ਰੰਗ-ਬਰੰਗੀ ਸੀ। ਭੇਡੂ ਆਪਣੀ ਨਿੱਕੀ ਜੇਹੀ ਪੂਛ ਵੇਖ ਕੇ ਬਹੁਤ ਉਦਾਸ ਹੋਇਆ ਅਤੇ ਕਹਿਣ ਲੱਗਾ, "ਭਲਾ ਮੇਰੀ ਪੂਛ ਮੁਰਗੇ ਵਰਗੀ ਰੰਗ-ਬਰੰਗੀ ਕਿਉਂ ਨਹੀਂ ?" ਅਜੇ ਉਹ ਥੋੜ੍ਹੀ ਦੂਰ ਹੀ ਗਿਆ ਸੀ ਕਿ ਉਸ ਨੇ ਇੱਕ ਬਗਲੇ ਨੂੰ ਵੇਖਿਆ। ਉਹ ਖਲੋਤਾ-ਖਲੋਤਾ ਹੀ ਆਪਣੀ ਗਰਦਨ ਚਾਰੇ ਪਾਸੇ ਘੁੰਮਾ ਲੈਂਦਾ ਸੀ। ਬਗਲੇ ਦੀ ਗਰਦਨ ਵੇਖ ਕੇ ਭੇਡੂ ਸੋਚਣ ਲੱਗਾ, "ਭਲਾ ਮੇਰੀ ਗਰਦਨ ਬਗਲੇ ਵਰਗੀ ਕਿਉਂ ਨਹੀਂ ?" ਫਿਰ ਉਸ ਨੇ ਇੱਕ ਬਾਜ਼ ਵੇਖਿਆ। ਉਸ ਦੇ ਵੱਡੇ-ਵੱਡੇ ਪੈਰ ਵੇਖ ਕੇ ਉਸ ਨੇ ਸੋਚਿਆ, "ਭਲਾ ਮੇਰੇ ਪੈਰ ਇੰਨੇ ਵੱਡੇ ਕਿਉਂ ਨਹੀਂ।"

ਇੱਕ ਰੁੱਖ 'ਤੇ ਕੋਇਲ ਗਾਣਾ ਗਾ ਰਹੀ ਸੀ। ਉਸ ਨੂੰ ਵੇਖ ਕੇ ਭੇਡੂ ਨੇ ਕਿਹਾ, "ਭਲਾ ਮੇਰੀ ਅਵਾਜ਼ ਕੋਇਲ ਵਰਗੀ ਸੋਹਣੀ ਕਿਉਂ ਨਹੀਂ ?"

ਇਸ ਤਰ੍ਹਾਂ ਦੀਆਂ ਸੋਚਾਂ ਸੋਚਦਾ ਭੇਡੂ ਇੱਕ ਰੁੱਖ ਹੇਠਾਂ ਬੈਠ ਗਿਆ। ਉੱਥੇ ਬੈਠੇ ਉਸ ਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਨੀਂਦ ਆ ਗਈ। ਨੀਂਦ ਵਿੱਚ ਉਸ ਨੇ ਵੇਖਿਆ ਕਿ ਉਹ ਉਸੇ ਤਰ੍ਹਾਂ ਬਣ ਗਿਆ ਹੈ ਜਿਵੇਂ ਉਹ ਸੋਚ ਰਿਹਾ ਸੀ। ਉਸ ਦੇ ਸਿੰਗ ਬਾਰਾਂਸਿੰਗੇ ਵਰਗੇ ਹੋ ਗਏ, ਗਰਦਨ ਬਗਲੇ ਵਰਗੀ, ਜੱਤ ਚੀਤੇ ਵਰਗੀ, ਪੂਛ ਮੁਰਗੇ ਵਰਗੀ ਤੇ ਪੈਰ ਬਾਜ਼ ਦੇ ਪੰਜਿਆਂ ਵਰਗੇ ਬਣ ਗਏ। ਭੇਡੂ ਖ਼ੁਸ਼ੀ ਵਿੱਚ ਨੱਚ ਉੱਠਿਆ। ਉਸ ਨੇ ਪਾਣੀ ਵਿੱਚ ਆਪਣਾ ਅਕਸ ਵੇਖਿਆ। ਆਪਣੇ ਸਿੰਗ, ਲੰਬੀ ਗਰਦਨ, ਚੀਤੇ ਵਰਗੀ ਜੱਤ, ਮੁਰਗੇ ਵਰਗੀ ਪੂਛ ਅਤੇ ਬਾਜ਼ ਵਰਗੇ ਪੈਰ ਵੇਖ ਕੇ ਉਹ ਬਾਗੋ-ਬਾਗ਼ ਹੋ ਰਿਹਾ ਸੀ। ਆਪਣੀ ਕੋਇਲ ਵਰਗੀ ਤਿੱਖੀ ਬਰੀਕ ਅਵਾਜ਼ ਸੁਣ ਕੇ ਉਹ ਆਪ ਹੀ ਹੈਰਾਨ ਹੋ ਗਿਆ।

**ਅਕਸ**—ਪਰਛਾਵਾਂ (reflection)।
**ਬਾਗੋ-ਬਾਗ਼**—ਖ਼ੁਸ਼ (happy)।
**ਨਿਰਾਲਾ**—ਸਭ ਤੋਂ ਵੱਖਰਾ (uncommon)।



ਉਹ ਜਿੱਧਰ ਵੀ ਜਾਂਦਾ, ਸਾਰੇ ਉਸ ਵੱਲ ਹੈਰਾਨ ਹੋ ਕੇ ਵੇਖਣ ਲੱਗ ਜਾਂਦੇ ਤੇ ਪੁੱਛਦੇ, "ਤੂੰ ਕੌਣ ਏਂ ? ਤੇਰਾ ਕੀ ਨਾਂ ਏ ? ਅਸੀਂ ਪਹਿਲਾਂ ਤਾਂ ਤੈਨੂੰ ਕਦੇ ਨਹੀਂ ਵੇਖਿਆ।"

"ਮੈਂ ਭੇਡੂ ਹਾਂ।" ਉਹ ਜਵਾਬ ਦਿੰਦਾ।

"ਨਹੀਂ ਭੇਡੂ, ਨਹੀਂ, ਭੇਡੂ ਨੂੰ ਤਾਂ ਅਸੀਂ ਜਾਣਦੇ ਹਾਂ" ਉਹ ਕਹਿੰਦੇ।

"ਮੈਂ ਭੇਡੂ ਹੀ ਹਾਂ, ਪਰ ਨਵਾਂ ਭੇਡੂ।" ਭੇਡੂ ਉਹਨਾਂ ਨੂੰ ਖ਼ੁਸ਼ੀ-ਖ਼ੁਸ਼ੀ ਦੱਸਦਾ। ਹੁਣ ਉਹ ਜਿੱਥੇ ਵੀ ਜਾਂਦਾ ਸੀ, ਉਸ ਨੂੰ ਵੇਖਣ ਲਈ ਭੀੜ ਜੁੜ ਜਾਂਦੀ ਸੀ।

ਫਿਰ ਉਹ ਤੁਰਦਾ-ਤੁਰਦਾ ਜੰਗਲ਼ ਵਿੱਚ ਬੜੀ ਦੂਰ ਨਿਕਲ਼ ਆਇਆ। ਉਸ ਉੱਤੇ ਕੁਝ ਸ਼ਿਕਾਰੀਆਂ ਦੀ ਨਜ਼ਰ ਪੈ ਗਈ। ਉਹ ਇਸ ਅਨੋਖੇ ਨਿਰਾਲੇ ਜੀਵ ਨੂੰ ਵੇਖ ਕੇ ਹੈਰਾਨ ਰਹਿ ਗਏ।

ਉਹਨਾਂ ਉਸ ਨੂੰ ਪੁਚਕਾਰ ਕੇ ਕਿਹਾ, "ਵਾਹ ਵਾਹ! ਤੂੰ ਕਿੰਨਾ ਮਨਮੋਹਣਾ ਏਂ। ਤੂੰ ਕੌਣ ਏਂ ?"

"ਮੈਂ ਭੇਡੂ" ਭੇਡੂ ਆਪਣੀ ਤਾਰੀਫ਼ ਸੁਣ ਕੇ ਝੂਮ ਉੱਠਿਆ ਤੇ ਮਟਕ-ਮਟਕ ਤੁਰਦਾ ਹੋਇਆ ਉਹ ਸ਼ਿਕਾਰੀਆਂ ਦੇ ਕੋਲ਼ ਚਲਾ ਗਿਆ। ਸ਼ਿਕਾਰੀ ਤਾਂ ਏਸੇ ਉਡੀਕ ਵਿੱਚ ਸਨ। ਸ਼ਿਕਾਰੀਆਂ ਨੇ ਉਸ ਨੂੰ ਜਾਲ ਵਿੱਚ ਫੜ ਲਿਆ। ਭੇਡੂ ਦਰਦ ਨਾਲ਼ ਕੁਰਲਾ ਉੱਠਿਆ। ਉਸ ਦੀ ਚੀਕਵੀਂ ਤਿੱਖੀ ਕੋਇਲ ਵਰਗੀ ਅਵਾਜ਼ ਸ਼ਿਕਾਰੀਆਂ ਨੂੰ ਬੜੇ ਹਾਸੇ ਵਾਲ਼ੀ ਲੱਗੀ। ਉਹ ਜਿਉਂ-ਜਿਉਂ ਚੀਕਦਾ, ਉਹ ਉਂਞ ਹੀ ਹੋਰ ਉੱਚੀ-ਉੱਚੀ ਹੱਸਦੇ। ਫਿਰ ਇੱਕ ਸ਼ਿਕਾਰੀ ਨੇ ਹੱਸਦਿਆਂ-ਹੱਸਦਿਆਂ ਕਿਹਾ, "ਆਪਾਂ ਇਹਨੂੰ ਸਰਕਸ ਵਾਲ਼ਿਆਂ ਨੂੰ ਵੇਚ ਦਿਆਂਗੇ। ਬੜੀ ਕੀਮਤ ਮਿਲ਼ੇਗੀ।"



"ਸਰਕਸ ਨਹੀਂ ਕਿਸੇ ਚਿੜੀਆ-ਘਰ ਵਾਲ਼ਿਆਂ ਨੂੰ ਵੇਚਾਂਗੇ। ਇੰਗਲੈਂਡ ਜਾਂ ਅਮਰੀਕਾ ਵਿੱਚ ਇਸ ਦੀ ਬਹੁਤ ਕੀਮਤ ਪਏਗੀ।" ਦੂਸਰੇ ਨੇ ਕਿਹਾ। "ਪਰ ਇਹਨੂੰ ਬਾਹਰ ਲੈ ਜਾਣਾ ਸੌਖਾ ਨਹੀਂ।" ਆਪਾਂ ਇੰਞ ਕਰਦੇ ਆਂ, ਆਪਾਂ ਇਸ ਨੂੰ ਮਾਰ ਕੇ, ਇਸ ਵਿੱਚ ਤੂੜੀ ਭਰ ਕੇ ਸਮਾਨ ਵਿੱਚ ਲਕੋ ਕੇ ਲੈ ਜਾਨੇ ਆਂ।" ਉਹ ਉਸ ਨੂੰ ਮਾਰਨ ਲਈ ਉਸ ਦਾ ਗਲ਼ਾ ਦਬਾਉਣ ਲੱਗੇ। ਭੇਡੂ ਹੜਬੜਾ ਕੇ ਉੱਠ ਬੈਠਾ। ਡਰ ਦੇ ਮਾਰੇ ਉਸ ਦੀ ਅੱਖ ਖੁੱਲ੍ਹ ਗਈ। ਉਸ ਨੇ ਸ਼ੁਕਰ ਕੀਤਾ ਕਿ ਉਹ ਠੀਕ-ਠਾਕ ਹੈ। ਉੱਥੇ ਕੋਈ ਸ਼ਿਕਾਰੀ ਨਹੀਂ ਸੀ। ਉਸ ਨੇ ਸੁੱਖ ਦਾ ਸਾਹ ਲਿਆ। ਫਿਰ ਉਹ ਉੱਠਿਆ ਅਤੇ ਘਰ ਵੱਲ ਨੂੰ ਦੌੜ ਪਿਆ। ਹੁਣ ਉਸ ਨੂੰ ਆਪਣੇ ਮਜ਼ਬੂਤ ਪੈਰ ਚੰਗੇ ਲੱਗਣ ਲੱਗੇ। ਉਸ ਨੂੰ ਆਪਣੀ ਅਵਾਜ਼ ਵੀ ਚੰਗੀ ਲੱਗੀ। ਉਸ ਨੇ ਸ਼ੁਕਰ ਕੀਤਾ ਕਿ ਉਸ ਦੀ ਪੂਛ ਹੁਣ ਰੰਗਲੀ ਨਹੀਂ। ਉਸ ਨੇ ਆਪਣੇ ਆਪ ਨੂੰ ਕਿਹਾ, "ਮੈਂ ਜਿਹੋ ਜਿਹਾ ਹਾਂ, ਬਹੁਤ ਸੋਹਣਾ ਹਾਂ। ਰੀਸ ਵਿੱਚ ਮੈਂ ਕਿਸੇ ਵਰਗਾ ਕਿਉਂ ਬਣਨਾ ਚਾਹਾਂ।" ਭੇਡੂ, ਭੇਡੂ ਹੋਣ 'ਤੇ ਹੁਣ ਬਹੁਤ ਖ਼ੁਸ਼ ਸੀ।

**ਤਾਰੀਫ਼**—ਪ੍ਰਸ਼ੰਸਾ (praise)।
**ਕੁਰਲਾਉਣਾ**—ਰੋਣਾ (to cry)।
**ਰੰਗਲੀ**—ਰੰਗਦਾਰ (colourful)।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਜਦੋਂ ਭੇਡੂ ਤਲਾਬ 'ਤੇ ਪਾਣੀ ਪੀਣ ਗਿਆ ਤਾਂ ਉਸ ਨੇ ਉੱਥੇ ਕਿਸ ਨੂੰ ਦੇਖਿਆ ?

ਚੀਤੇ ਨੂੰ ☐ ਬਾਰਾਂਸਿੰਗੇ ਨੂੰ ☐ ਸ਼ੇਰ ਨੂੰ ☐ ਸ਼ਿਕਾਰੀਆਂ ਨੂੰ ☐

(ਅ) ਭੇਡੂ ਨੂੰ ਪਾਣੀ ਵਿੱਚ ਵੇਖ ਕੇ ਆਪਣੇ ਸਿੰਗ ਕਿਹੋ ਜਿਹੇ ਲੱਗੇ ?

ਭੈੜੇ ☐ ਸੋਹਣੇ ☐ ਛੋਟੇ ☐ ਵੱਡੇ ☐

(ੲ) ਰੁੱਖ ਉੱਤੇ ਗਾਣਾ ਕੌਣ ਗਾ ਰਹੀ ਸੀ ?

ਚਿੜੀ ☐ ਕੋਇਲ ☐ ਘੁੱਗੀ ☐ ਇੱਲ੍ਹ ☐

(ਸ) ਭੇਡੂ ਜਿਵੇਂ ਸੋਚਦਾ ਸੀ, ਉਵੇਂ ਦਾ ਕਦੋਂ ਬਣ ਗਿਆ ਜਾਪਿਆ ?

ਸੁਪਨੇ ਵਿੱਚ ☐ ਚੀਤੇ ਨੂੰ ਵੇਖ ਕੇ ☐

ਕੋਇਲ ਨੂੰ ਸੁਣ ਕੇ ☐ ਜੰਗਲ਼ ਵਿੱਚ ਘੁੰਮਦਿਆਂ ☐

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਚੀਤੇ ਨੂੰ ਵੇਖ ਕੇ ਭੇਡੂ ਨੇ ਆਪਣੇ ਮਨ ਵਿੱਚ ਕੀ ਸੋਚਿਆ ?

ਉੱਤਰ ..........................................................................................

(ਅ) ਸੁਪਨੇ ਵਿੱਚ ਰੂਪ ਬਦਲਣ ਤੋਂ ਬਾਅਦ ਭੇਡੂ ਕਿਹੋ ਜਿਹਾ ਲੱਗ ਰਿਹਾ ਸੀ ?

ਉੱਤਰ ..........................................................................................

(ੲ) ਸ਼ਿਕਾਰੀ ਭੇਡੂ ਨੂੰ ਕਿੱਥੇ ਵੇਚਣਾ ਚਾਹੁੰਦੇ ਸਨ ?

ਉੱਤਰ ..........................................................................................

(ਸ) ਸੁੱਤੇ ਪਏ ਭੇਡੂ ਦੀ ਅੱਖ ਕਿਵੇਂ ਖੁੱਲ੍ਹ ਗਈ ?

ਉੱਤਰ ..........................................................................................

(ਹ) ਭੇਡੂ ਨੇ ਸੁੱਖ ਦਾ ਸਾਹ ਕਦੋਂ ਲਿਆ ?

ਉੱਤਰ ..........................................................................................

**3. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ੳ) ਜਦੋਂ ਭੇਡੂ ਨੇ ਪਾਣੀ ਵਿੱਚ ਆਪਣੀ ਤਸਵੀਰ ਵੇਖੀ ਤਾਂ ਉਸ ਨੂੰ ਆਪਣੇ .......................... ਬੜੇ ਹੀ ਭੈੜੇ ਲੱਗੇ। (ਪੈਰ/ਸਿੰਗ)

(ਅ) ਭੇਡੂ ਆਪਣੀ .......................... ਸੁਣ ਕੇ ਝੂਮ ਉੱਠਿਆ। (ਨਿੰਦਿਆ/ਤਾਰੀਫ਼)

(ੲ) ਸ਼ਿਕਾਰੀ ਤਾਂ ਇਸੇ .......................... ਵਿੱਚ ਸਨ। (ਉਡੀਕ/ਦੁਬਿਧਾ)

(ਸ) ਭੇਡੂ ਹੁਣ .......................... ਹੋਣ 'ਤੇ ਬਹੁਤ ਖ਼ੁਸ਼ ਸੀ। (ਭੇਡੂ/ਬੰਦਾ)

**4. ਹੇਠ ਲਿਖੇ ਸ਼ਬਦਾਂ / ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ ਕਰੋ :**

| ਸ਼ਬਦ | | ਵਾਕ |
|---|---|---|
| (ੳ) ਅਨੋਖਾ | — | ਭੇਡੂ ਇੱਕ ਅਨੋਖਾ ਜਾਨਵਰ ਬਣ ਗਿਆ ਸੀ। (ਉਦਾਹਰਨ) |
| (ਅ) ਰੰਗਲੀ | — | .......................................................... |
| (ੲ) ਸ਼ਿਕਾਰੀ | — | .......................................................... |
| (ਸ) ਕੋਇਲ | — | .......................................................... |
| (ਹ) ਬਾਗੋ-ਬਾਗ਼ ਹੋਣਾ | — | .......................................................... |
| (ਕ) ਸੁੱਖ ਦਾ ਸਾਹ ਆਉਣਾ | — | .......................................................... |

**5. ਹੇਠਾਂ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਇਸ ਤਰ੍ਹਾਂ ਦੀਆਂ ਸੋਚਾਂ ਸੋਚਦਾ ਭੇਡੂ ਇੱਕ ਰੁੱਖ ਹੇਠਾਂ ਬੈਠ ਗਿਆ। ਉੱਥੇ ਬੈਠੇ ਉਸ ਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਨੀਂਦ ਆ ਗਈ। ਨੀਂਦ ਵਿੱਚ ਉਸ ਨੇ ਵੇਖਿਆ ਕਿ ਉਹ ਉਸੇ ਤਰ੍ਹਾਂ ਬਣ ਗਿਆ ਹੈ ਜਿਵੇਂ ਉਹ ਸੋਚ ਰਿਹਾ ਸੀ। ਉਸ ਦੇ ਸਿੰਗ ਬਾਰਾਂਸਿੰਗੇ ਵਰਗੇ ਹੋ ਗਏ, ਗਰਦਨ ਬਗਲੇ ਵਰਗੀ, ਜੱਤ ਚੀਤੇ ਵਰਗੀ, ਪੂਛ ਮੁਰਗੇ ਵਰਗੀ ਤੇ ਪੈਰ ਬਾਜ਼ ਦੇ ਪੰਜਿਆਂ ਵਰਗੇ ਬਣ ਗਏ। ਭੇਡੂ ਖ਼ੁਸ਼ੀ ਵਿੱਚ ਨੱਚ ਉੱਠਿਆ। ਉਸ ਨੇ ਪਾਣੀ ਵਿੱਚ ਆਪਣਾ ਅਕਸ ਵੇਖਿਆ। ਆਪਣੇ ਸਿੰਗ, ਲੰਬੀ ਗਰਦਨ, ਚੀਤੇ ਵਰਗੀ ਜੱਤ, ਮੁਰਗੇ ਵਰਗੀ ਪੂਛ ਅਤੇ ਬਾਜ਼ ਵਰਗੇ ਪੈਰ ਵੇਖ ਕੇ ਉਹ ਬਾਗੋ-ਬਾਗ਼ ਹੋ ਰਿਹਾ ਸੀ। ਆਪਣੀ ਕੋਇਲ ਵਰਗੀ ਤਿੱਖੀ ਬਰੀਕ ਅਵਾਜ਼ ਸੁਣ ਕੇ ਉਹ ਆਪ ਹੀ ਹੈਰਾਨ ਹੋ ਗਿਆ।

ਉਹ ਜਿੱਧਰ ਵੀ ਜਾਂਦਾ, ਸਾਰੇ ਉਸ ਵੱਲ ਹੈਰਾਨ ਹੋ ਕੇ ਵੇਖਣ ਲੱਗ ਜਾਂਦੇ ਤੇ ਪੁੱਛਦੇ, "ਤੂੰ ਕੌਣ ਏਂ ? ਤੇਰਾ ਕੀ ਨਾਂ ਏ ? ਅਸੀਂ ਪਹਿਲਾਂ ਤਾਂ ਤੈਨੂੰ ਕਦੇ ਨਹੀਂ ਵੇਖਿਆ।"

(ੳ) ਸੋਚਾਂ ਸੋਚਦਾ ਭੇਡੂ ਕਿੱਥੇ ਬੈਠ ਗਿਆ ?

ਥੜ੍ਹੇ 'ਤੇ ☐ ਰੁੱਖ ਹੇਠਾਂ ☐ ਖੂਹ ਕੋਲ਼ ☐ ਸੜਕ 'ਤੇ ☐

(ਅ) ਬੈਠੇ-ਬੈਠੇ ਭੇਡੂ ਨੂੰ ਕੀ ਹੋਇਆ ?

ਬੋਲਣ ਲੱਗਾ ☐ ਰੋਣ ਲੱਗਾ ☐ ਨੀਂਦ ਆ ਗਈ ☐ ਉੱਠ ਗਿਆ ☐

(ੲ) ਭੇਡੂ ਦੇ ਸਿੰਗ ਕਿਸ ਵਰਗੇ ਹੋ ਗਏ ?

ਬੱਕਰੇ ਵਰਗੇ ☐ ਬਲ਼ਦ ਵਰਗੇ ☐ ਬਾਰਾਂਸਿੰਗੇ ਵਰਗੇ ☐ ਮੱਝ ਵਰਗੇ ☐

(ਸ) ਭੇਡੂ ਦੀ ਜੱਤ ਕਿਸ ਵਰਗੀ ਹੋ ਗਈ ?

ਸ਼ੇਰ ਵਰਗੀ ☐ ਚੀਤੇ ਵਰਗੀ ☐ ਰਿੱਛ ਵਰਗੀ ☐ ਭੇਡ ਵਰਗੀ ☐

(ਹ) ਭੇਡੂ ਜਿੱਧਰ ਵੀ ਜਾਂਦਾ ਬਾਕੀ ਜਾਨਵਰ ਹੈਰਾਨ ਹੋ ਕੇ ਉਸ ਨੂੰ ਕੀ ਪੁੱਛਦੇ ?

ਤੂੰ ਕਿੱਥੋਂ ਆਇਆ ਹੈਂ ☐ ਤੇਰਾ ਕੀ ਨਾਂ ਏ ☐

ਤੂੰ ਕੀ ਕਰਦਾ ਹੈਂ ☐ ਤੂੰ ਕਿੱਥੇ ਰਹਿੰਦਾ ਹੈ ☐




**ਪੜਨਾਂਵ :** ਨਾਂਵ ਦੀ ਥਾਂ 'ਤੇ ਵਰਤੇ ਜਾਣ ਵਾਲ਼ੇ ਸ਼ਬਦ ਪੜਨਾਂਵ ਅਖਵਾਉਂਦੇ ਹਨ, ਜਿਵੇਂ– ਉਹ, ਇਹ, ਤੂੰ, ਮੈਂ, ਅਸੀਂ, ਸਾਡਾ, ਕਿਹੜਾ, ਜਿਹੜਾ, ਮੇਰਾ, ਤੇਰਾ, ਕਿੱਥੇ, ਕੌਣ, ਕਿਹੜਾ ਆਦਿ।

**1. ਹੇਠਾਂ ਦਿੱਤੇ ਪੈਰੇ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਲਿਖੋ :**

ਭੇਡੂ ਆਪਣੀ ਨਿੱਕੀ ਜੇਹੀ ਪੂਛ ਵੇਖ ਕੇ ਬਹੁਤ ਉਦਾਸ ਹੋਇਆ ਅਤੇ ਕਹਿਣ ਲੱਗਾ, "ਭਲਾ ਮੇਰੀ ਪੂਛ ਮੁਰਗੇ ਵਰਗੀ ਰੰਗ-ਬਰੰਗੀ ਕਿਉਂ ਨਹੀਂ ?" ਅਜੇ ਉਹ ਥੋੜ੍ਹੀ ਦੂਰ ਹੀ ਗਿਆ ਸੀ ਕਿ ਉਸ ਨੇ ਇੱਕ ਬਗਲੇ ਨੂੰ ਵੇਖਿਆ। ਉਹ ਖਲੋਤਾ-ਖਲੋਤਾ ਹੀ ਆਪਣੀ ਗਰਦਨ ਚਾਰੇ ਪਾਸੇ ਘੁੰਮਾ ਲੈਂਦਾ ਸੀ। ਬਗਲੇ ਦੀ ਗਰਦਨ ਵੇਖ ਕੇ ਭੇਡੂ ਸੋਚਣ ਲੱਗਾ, "ਭਲਾ ਮੇਰੀ ਗਰਦਨ ਬਗਲੇ ਵਰਗੀ ਕਿਉਂ ਨਹੀਂ ?" ਫਿਰ ਉਸ ਨੇ ਇੱਕ ਬਾਜ਼ ਵੇਖਿਆ। ਉਸ ਦੇ ਵੱਡੇ-ਵੱਡੇ ਪੈਰ ਵੇਖ ਕੇ ਉਸ ਨੇ ਸੋਚਿਆ, "ਭਲਾ ਮੇਰੇ ਪੈਰ ਇੰਨੇ ਵੱਡੇ ਕਿਉਂ ਨਹੀਂ।"

.............................................................................................................

.............................................................................................................

**2. ਹੇਠਾਂ ਦਿੱਤੇ ਸ਼ਬਦਾਂ ਦੇ ਵਚਨ ਬਦਲੋ :**

ਚੀਤਾ – ਚੀਤੇ ਭੇਡ – ..................

ਤਸਵੀਰ – .................. ਮੁਰਗਾ – ..................

ਚੱਟਾਨ – ..................

## ਯੋਗਤਾ ਵਿਸਤਾਰ

✤ ਬੱਚਿਓ, ਤੁਸੀਂ 10 ਜੰਗਲ਼ੀ ਜਾਨਵਰਾਂ ਦੇ ਨਾਂ ਸੁੰਦਰ ਲਿਖਾਈ ਵਿੱਚ ਲਿਖੋ।

| | |
|---|---|
| (1) ............................ | (2) ............................ |
| (3) ............................ | (4) ............................ |
| (5) ............................ | (6) ............................ |
| (7) ............................ | (8) ............................ |
| (9) ............................ | (10) ............................ |

## ਅਧਿਆਪਕ ਲਈ

✤ ਅਧਿਆਪਕ, ਬੱਚਿਆਂ ਨੂੰ ਇਹ ਦੱਸ ਸਕਦੇ ਹਨ ਕਿ ਪਰਮਾਤਮਾ ਨੇ ਜੀਵ ਨੂੰ ਜਿਹੋ ਜਿਹਾ ਵੀ ਬਣਾਇਆ ਹੈ ਉਸ ਨੂੰ ਉਸ ਵਿੱਚ ਹੀ ਖ਼ੁਸ਼ ਰਹਿਣਾ ਚਾਹੀਦਾ ਹੈ। ਆਪਣੀ ਪਛਾਣ ਗਵਾ ਕੇ ਬੰਦਾ ਕਦੇ ਵੀ ਖ਼ੁਸ਼ ਨਹੀਂ ਰਹਿ ਸਕਦਾ। ਦੂਜਾ, ਉਹ ਭੁੱਲ ਜਾਂਦਾ ਹੈ ਕਿ ਉਹ ਆਪ ਵੀ ਬਹੁਤ ਸੁੰਦਰ ਹੈ।

✤ ਅਧਿਆਪਕ, ਬੱਚਿਆਂ ਨੂੰ ਇਹ ਵੀ ਦੱਸਣ ਕਿ ਇਹ ਕਹਾਣੀ ਸੁਨੇਹਾ ਦੇਣ ਲਈ ਹੀ ਘੜੀ ਗਈ ਹੈ।

# ਮਾਡਲ ਟੈੱਸਟ ਪੇਪਰ–3

**ਜਮਾਤ-3 (ਪਾਠ 11 ਤੋਂ 15)**

**ਸਮਾਂ : 1 ਘੰਟਾ 30 ਮਿੰਟ** **ਕੁੱਲ ਅੰਕ : 50**

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ। ਫਿਰ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✔) ਦਾ ਨਿਸ਼ਾਨ ਲਗਾਓ—** **(4 × 2 = 8)**

(ੳ) ਕਿਸ ਦੀ ਝਿੜਕ ਸੁਣ ਕੇ ਕਮਲ ਨੇ ਅੱਧੇ ਮਨ ਨਾਲ਼ ਬਸਤਾ ਖੋਲ੍ਹਿਆ ?

ਮਾਂ ਦੀ ☐ ਪਿਓ ਦੀ ☐ ਲਲਿਤ ਦੀ ☐ ਅਧਿਆਪਕ ਦੀ ☐

(ਅ) ਬਾਪੂ ਦੇ ਹੱਥ ਵਿੱਚ ਕੀ ਫੜਿਆ ਹੋਇਆ ਸੀ ?

ਫ਼ੋਨ ☐ ਸੋਟੀ ☐ ਤੋਹਫ਼ੇ ☐ ਕੁਝ ਨਹੀਂ ☐

(ੲ) ਰੁੱਖ ਉੱਤੇ ਗਾਣਾ ਕੌਣ ਗਾ ਰਹੀ ਸੀ ?

ਚਿੜੀ ☐ ਕੋਇਲ ☐ ਘੁੱਗੀ ☐ ਇੱਲ੍ਹ ☐

(ਸ) ਗੀਤਾ ਅਨੁਸਾਰ ਉਸ ਦੇ ਕੱਪੜਿਆਂ ਉੱਤੇ ਕਾਲ਼ੇ ਛਿੱਟੇ ਕੌਣ ਪਾ ਰਿਹਾ ਸੀ ?

ਰੁਬਲ ☐ ਵਿਸ਼ਾਲ ☐ ਭੂਤ ☐ ਜਰਨੈਲ ਸਿੰਘ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ—** **(4 × 3 = 12)**

(ੳ) ਮਹਾਤਮਾ ਗਾਂਧੀ ਬੱਚਿਆਂ ਨੂੰ ਕਿਸ ਦਾ ਰੂਪ ਮੰਨਦੇ ਸਨ ?

ਉੱਤਰ ............................................................

(ਅ) ਟੋਪੀਆਂ ਵਾਲ਼ਾ ਭਾਈ ਕਿੱਥੇ ਅਰਾਮ ਕਰਨ ਲੱਗਾ ?

ਉੱਤਰ ............................................................

(ੲ) ਸ਼ਿਕਾਰੀ ਭੇਡੂ ਨੂੰ ਕਿੱਥੇ ਵੇਚਣਾ ਚਾਹੁੰਦੇ ਸਨ ?

ਉੱਤਰ ............................................................

(ਸ) ਵਿਸ਼ਾਲ ਦੇ ਦੋਸਤ ਦਾ ਕੀ ਨਾਂ ਸੀ ?

ਉੱਤਰ ............................................................

**3. ਉਚਿਤ ਮਿਲ਼ਾਨ ਕਰੋ :** **(5 × 1 = 5)**

(ੳ) ਧੁੱਪ ਠਾਂਹ

(ਅ) ਨੀਂਦ ਖੱਬੇ

(ੲ) ਉਤਾਂਹ　　　　　　ਕੱਲ੍ਹ

(ਸ) ਸੱਜੇ　　　　　　ਛਾਂ

(ਹ) ਅੱਜ　　　　　　ਜਾਗ

**4. ਹੇਠਾਂ ਦਿੱਤੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ—** **(2 × 2 = 4)**

(ੳ) ਸ਼ਿਕਾਰੀ ..............................................................................

(ਅ) ਗਰਮੀ ..............................................................................

**5. ਹੇਠ ਦਿੱਤੇ ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣ ਕੇ ਲਿਖੋ—** **(2 × 2 = 4)**

(ੳ) ਇੱਕ ਵਾਰ ਬਾਪੂ ਇੱਕ ਥਾਂ ਰੁਕੇ ਹੋਏ ਸਨ। .........................

(ਅ) ਮੇਰੇ ਕੋਲ਼ ਕੁੜਤਾ ਨਹੀਂ ਹੈ। .........................

**6. (ੳ) ਹੇਠ ਦਿੱਤੇ ਸ਼ਬਦਾਂ ਦੇ ਲਿੰਗ ਬਦਲ ਕੇ ਲਿਖੋ—** **(2 × 1 = 2)**

(*i*) ਵਿਦਿਆਰਥੀ ..................... (*ii*) ਮੋਰ .....................

**(ਅ) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ—** **(2 × 1 = 2)**

(*i*) ਖ਼ਰਾਬ ..................... (*ii*) ਭੁੱਖਾ .....................

**7. (ੳ) ਹੇਠ ਦਿੱਤੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ—** **(2 × 1 = 2)**

(*i*) ਗੁੰਜਲਾਂ ..................... (*ii*) ਦੁਪਹਰ .....................

**(ਅ) ਹੇਠ ਲਿਖੇ ਸ਼ਬਦਾਂ ਦੇ ਸਮਾਨਾਰਥਕ ਸ਼ਬਦ ਲਿਖੋ—** **(2 × 1 = 2)**

(*i*) ਥੱਲੇ ..................... (*ii*) ਰੱਬ .....................

**8. ਹੇਠ ਦਿੱਤੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਲਿਖੋ—** **(2 × 2 = 4)**

(*i*) ਮੈਂ ਰੋਟੀ ਖਾ ਰਿਹਾ ਹਾਂ। ............................................

(*ii*) ਉਹ ਕਵਿਤਾ ਯਾਦ ਕਰ ਰਿਹਾ ਹੈ। ............................................

**9. ਪਾਠ-ਪੁਸਤਕਾਂ ਤੋਂ ਇਲਾਵਾ ਹੋਰ ਪੜ੍ਹਨ ਯੋਗ ਪੁਸਤਕਾਂ ਬਾਰੇ ਪੰਜ ਸਤਰਾਂ ਲਿਖੋ।** **(5 × 1 = 5)**

..............................................................................................

..............................................................................................

..............................................................................................

..............................................................................................

..............................................................................................